# ਕੋਵਿਡ-19 ਦੌਰਾਨ ਅਸੀਂ ਕੀ ਸਿੱਖਿਆ ਹੈ (ਸਮੀਖਿਆ)
ਅੰਤਿਮ ਰਿਪੋਰਟ

**ਬੌਂਬ ਡੇ ਫੇਅ** **ਡੈਨ ਪੈਰਿੱਨ** **ਕ੍ਰਿਸ ਟਰੰਮਪੀ**

## ਕਾਰਜਕਾਰੀ ਸੰਖੇਪ

ਸਮੁੱਚੇ ਤੌਰ 'ਤੇ, ਸੂਬੇ ਭਰ ਵਿੱਚ ਐਮਰਜੈਂਸੀ ਲਈ ਤਿਆਰ ਨਾ ਹੋਣ ਦੇ ਬਾਵਜੂਦ, ਕੋਵਿਡ-19 ਮਹਾਂਮਾਰੀ ਪ੍ਰਤੀ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੀ ਪ੍ਰਤੀਕਿਰਿਆ ਮਜ਼ਬੂਤ ਸੀ, ਜਿਸ ਨੇ ਔਖੇ ਸਮੇਂ ਵਿੱਚ ਮੁੜ ਉੱਭਰਨ ਦੀ ਸ਼ਕਤੀ, ਸੰਤੁਲਨ ਅਤੇ ਫੁਰਤੀ ਦਿਖਾਈ। ਇਸ ਨਾਲ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਭਵਿੱਖ ਵਿੱਚ ਸੂਬੇ ਭਰ ਦੀਆਂ ਐਮਰਜੈਂਸੀਆਂ ਨਾਲ ਨਜਿੱਠਣ ਦੀ ਆਪਣੀ ਯੋਗਤਾ 'ਤੇ ਭਰੋਸਾ ਮਿਲਣਾ ਚਾਹੀਦਾ ਹੈ। ਬੀ.ਸੀ. ਸਰਕਾਰ ਲਈ ਇੱਕ ਮੌਕਾ ਹੈ ਕਿ ਉਹ ਸਿੱਖੇ ਗਏ ਸਬਕਾਂ ਨੂੰ ਲਾਗੂ ਕਰਨ ਲਈ ਸਮੇਂ ਤੋਂ ਪਹਿਲਾਂ ਕੰਮ ਕਰਕੇ ਭਵਿੱਖ ਵਿੱਚ ਕਾਰਵਾਈ ਲਈ ਬਿਹਤਰ ਢੰਗ ਨਾਲ ਤਿਆਰ ਹੋਵੇ। ਅਸੀਂ ਭਰੋਸਾ, ਤਿਆਰੀ, ਪ੍ਰਬੰਧ, ਸੰਚਾਰ, ਅਤੇ ਫਰਸਟ ਨੇਸ਼ਨਜ਼ ਅਤੇ ਇੰਡੀਜਨਸ (ਮੂਲਵਾਸੀ) ਸੰਸਥਾਵਾਂ ਨਾਲ ਕੰਮ ਕਰਨ ਨਾਲ ਸਬੰਧਿਤ 26 ਨਤੀਜੇ ਕੱਢੇ ਹਨ।

ਸਾਨੂੰ ਬੀ.ਸੀ. ਸਰਕਾਰ ਦੀ ਮਹਾਂਮਾਰੀ ਨਾਲ ਨਜਿੱਠਣ ਦੀ ਕਾਰਵਾਈ ਦੀ ਸਮੀਖਿਆ ਕਰਨ ਦਾ ਕੰਮ ਸੌਂਪਿਆ ਗਿਆ ਸੀ ਤਾਂ ਜੋ ਸਰਕਾਰ ਨੂੰ ਭਵਿੱਖ ਦੀਆਂ ਘਟਨਾਵਾਂ ਲਈ ਤਿਆਰੀ ਕਰਨ ਵਿੱਚ ਮਦਦ ਕੀਤੀ ਜਾ ਸਕੇ। ਇਸ ਸਮੀਖਿਆ ਵਿੱਚ ਮਹਾਂਮਾਰੀ ਦੀਆਂ ਤਿਆਰੀਆਂ, ਫੈਸਲੇ ਲੈਣ ਲਈ ਵਰਤੇ ਜਾਂਦੇ ਤਰੀਕੇ, ਮਹਾਂਮਾਰੀ ਦੀ ਪ੍ਰਤੀਕਿਰਿਆ ਨਾਲ ਸਬੰਧਿਤ ਸਰਕਾਰੀ ਸੰਚਾਰ ਅਤੇ ਉਪਾਵਾਂ ਨੂੰ ਲਾਗੂ ਕਰਨ 'ਤੇ ਝਾਤ ਪਾਈ ਗਈ ਹੈ। ਸਾਡੇ ਨਤੀਜਿਆਂ ਵਿੱਚ ਉਹ ਚੀਜ਼ਾਂ ਸ਼ਾਮਲ ਹਨ ਜੋ ਚੰਗੀ ਤਰ੍ਹਾਂ ਕੰਮ ਕੀਤੀਆਂ ਅਤੇ ਉਹ

ਚੀਜ਼ਾਂ ਜਿੰਨ੍ਹਾਂ ਵਿੱਚ ਸੁਧਾਰ ਕੀਤਾ ਜਾ ਸਕਦਾ ਸੀ, ਕਿਉਂਕਿ ਦੋਨਾਂ ਤੋਂ ਸਬਕ ਸਿੱਖਣ ਦੀ ਲੋੜ ਹੈ। ਅਸੀਂ ਇਸ ਗੱਲ ਦਾ ਖਿਆਲ ਰੱਖਿਆ ਹੈ ਕਿ ਉਹਨਾਂ ਬਹੁਤ ਸਾਰੀਆਂ ਵਿਸ਼ੇਸ਼ ਚੀਜ਼ਾਂ ਉਤੇ ਬਹੁਤਾ ਧਿਆਨ ਕੇਂਦਰਿਤ ਨਾ ਕਰੀਏ, ਜਿਨ੍ਹਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ ਤਾਂਕਿ ਅਸੀਂ ਉਹਨਾਂ ਵੱਡੀਆਂ ਸਫਲਤਾਵਾਂ ਨੂੰ ਨਾ ਗੁਆ ਦੇਈਏ ਜਿੰਨ੍ਹਾਂ ਦੇ ਸਬਕਾਂ ਦੇ ਸਪੱਸ਼ਟ ਹੋਣ ਲਈ ਵਧੇਰੇ ਵਿਸਤਰਿਤ ਵਿਚਾਰ-ਵਟਾਂਦਰੇ ਦੀ ਲੋੜ ਨਹੀਂ ਹੈ।

ਅਸੀਂ ਆਪਣਾ ਕੰਮ ਖੋਜ ਅਤੇ ਸ਼ਮੂਲੀਅਤ ਦੇ ਸੁਮੇਲ ਰਾਹੀਂ ਕੀਤਾ ਹੈ। ਸਾਡੀ ਖੋਜ ਨੇ ਓਪਰੇਸ਼ਨਲ ਸੰਦਰਭ ਦੀ ਜਾਂਚ ਕੀਤੀ ਜਿਸ ਦੇ ਅੰਦਰ ਸਰਕਾਰ ਨੇ ਮਹਾਂਮਾਰੀ, ਪਬਲਿਕ ਹੈਲਥ ਅਤੇ ਐਮਰਜੈਂਸੀ ਪ੍ਰਬੰਧਨ ਦੇ ਸਭ ਤੋਂ ਵਧੀਆ ਅਭਿਆਸਾਂ, ਮਹਾਂਮਾਰੀ ਦੌਰਾਨ ਵਾਪਰੀਆਂ ਘਟਨਾਵਾਂ, ਅਤੇ ਕਿਵੇਂ ਨਤੀਜੇ ਦੇ ਸੂਚਕਾਂ ਦੇ ਸੰਦਰਭ ਵਿੱਚ ਬੀ.ਸੀ. ਦੀ ਤੁਲਨਾ ਕਈ ਹੋਰ ਵਧੇਰੇ ਆਬਾਦੀ ਵਾਲੇ ਸੂਬਿਆਂ ਨਾਲ ਕੀਤੀ। ਕਾਰਵਾਈ ਨੂੰ ਕਈ ਨਜ਼ਰੀਏ ਤੋਂ ਸਮਝਣ ਲਈ ਅਸੀਂ ਵਿਆਪਕ ਤੌਰ ’ਤੇ ਜਨਤਾ, ਸਰਕਾਰ, ਹਿੱਤ-ਧਾਰਕਾਂ, ਅਤੇ ਇੰਡੀਜਨਸ ਲੋਕਾਂ ਅਤੇ ਸੰਸਥਾਵਾਂ ਨਾਲ ਕੰਮ ਕੀਤਾ। ਇਸ ਕੰਮ ਤੋਂ ਪ੍ਰਾਪਤ ਹੋਏ ਸਾਡੇ 26 ਨਤੀਜੇ, ਅਤੇ ਉਨ੍ਹਾਂ ਨਤੀਜਿਆਂ ਤੋਂ ਮਿਲੇ ਸਿੱਟੇ ਸਰਕਾਰ ਨੂੰ ਬੇਹਤਰ ਤਿਆਰ ਹੋਣ ਲਈ ਕੁਝ ਮੁੱਦਿਆਂ ’ਤੇ ਧਿਆਨ ਕੇਂਦਰਿਤ ਕਰਨ ਲਈ ਸੁਝਾਅ ਦੇਣਗੇ।

ਇੰਡੀਜਨਸ ਲੋਕਾਂ, ਸਰਕਾਰਾਂ, ਅਤੇ ਇੰਡੀਜਨਸ-ਸ਼ਾਸਿਤ ਸੰਸਥਾਵਾਂ 'ਤੇ ਸਰਕਾਰ ਵੱਲੋਂ ਚੁੱਕੇ ਕਦਮਾਂ ਦਾ ਪ੍ਰਭਾਵ ਸਮੀਖਿਆ ਦਾ ਇੱਕ ਖਾਸ ਕੇਂਦਰ ਸੀ ਅਤੇ ਤਿੰਨ ਵਿਸ਼ੇਸ਼ ਨਤੀਜਿਆਂ ਅਤੇ ਸਿੱਟਿਆਂ ਦੇ ਨਾਲ ਰਿਪੋਰਟ ਦੇ ਇੱਕ ਵੱਖਰੇ ਭਾਗ ਵਿੱਚ ਇਸ ਨੂੰ ਸੰਬੋਧਿਤ ਕੀਤਾ ਗਿਆ ਹੈ।

## ਓਪਰੇਸ਼ਨਲ (ਕਾਰਵਾਈ) ਪ੍ਰਸੰਗ

ਮਹਾਂਮਾਰੀ ਨਾਲ ਨਜਿੱਠਣ ਦੀ ਕਾਰਵਾਈ ਇਸ ਸੰਦਰਭ ਵਿੱਚ ਨਿਰਧਾਰਤ ਕੀਤੀ ਗਈ ਸੀ ਕਿ ਸਰਕਾਰ ਕਿਵੇਂ ਕੰਮ ਕਰਦੀ ਹੈ ਅਤੇ ਪ੍ਰਬੰਧ ਕਰਦੀ ਹੈ। ਮਹਾਂਮਾਰੀ ਨਾਲ ਨਜਿੱਠਣ ਲਈ ਸਰਕਾਰ ਦੇ ਹਰ ਹਿੱਸੇ ਨੂੰ ਸ਼ਾਮਲ ਕੀਤਾ ਗਿਆ ਸੀ। ਕੀਤੀ ਗਈ ਕਾਰਵਾਈ ਦੇ ਦੇ ਅੰਦਰ, ਜ਼ਿੰਮੇਵਾਰੀ ਦੇ ਮੁੱਖ ਖੇਤਰ ਇਸ ਅਨੁਸਾਰ ਸਨ:

- ਪਬਲਿਕ ਹੈਲਥ ਪ੍ਰਣਾਲੀ, ਪਬਲਿਕ ਹੈਲਥ ਉਪਾਵਾਂ ਲਈ ਜ਼ਿੰਮੇਵਾਰ ਸੀ।
- ਐਮਰਜੈਂਸੀ ਮੈਨੇਜਮੈਂਟ ਬੀ.ਸੀ. ਨੂੰ ਸਰਕਾਰ ਦੀ ਪ੍ਰਤੀਕਿਰਿਆ ਵਿੱਚ ਤਾਲਮੇਲ ਬਿਠਾਉਣ ਦੀ ਹਿਦਾਇਤ ਸੀ।
- ਸਿਹਤ ਮੰਤਰਾਲਾ ਇਸ ਮੁੱਦੇ ਲਈ ਮੁੱਖ ਮੰਤਰਾਲਾ ਸੀ ਅਤੇ ਉਸ ਸਮੇਂ ਹੈਲਥ-ਕੇਅਰ ਸਿਸਟਮ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਸੀ ਜਦੋਂ ਇਸ ਦੇ ਹਾਵੀ ਹੋਣ ਦਾ ਜੋਖਮ ਕੁਝ ਹੀ ਦਿਨਾਂ ਵਿੱਚ ਵੱਧ ਸਕਦਾ ਸੀ।
- ਰੁਕਾਵਟ ਆਉਣ ’ਤੇ ਹਰ ਮੰਤਰਾਲਾ ਆਪਣੇ ਗਾਹਕਾਂ ਅਤੇ ਕਾਮਿਆਂ ਲਈ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਜ਼ਿੰਮੇਵਾਰ ਸੀ।
- ਸਾਰੀ ਸਰਕਾਰ ਮਹਾਂਮਾਰੀ ਦੇ ਪ੍ਰਭਾਵਾਂ ਨੂੰ ਘੱਟ ਕਰਨ ਅਤੇ ਨਵੇਂ ਅਤੇ ਵਿਸਤਰਿਤ ਪ੍ਰੋਗਰਾਮਾਂ ਰਾਹੀਂ ਪਬਲਿਕ ਹੈਲਥ ਪ੍ਰਤੀਕਿਰਿਆ ਦਾ ਸਮਰਥਨ ਕਰਨ ਲਈ ਜ਼ਿੰਮੇਵਾਰ ਸੀ।

ਕਿਉਂਕਿ ਇਸ ਕੰਮ ਨਾਲ ਨਜਿੱਠਣਾ ਸਮੁੱਚੇ ਤੌਰ ’ਤੇ ਸਰਕਾਰ ਦੀ ਜ਼ਿੰਮੇਵਾਰੀ ਸੀ, ਇਸ ਲਈ ਇਹ ਜ਼ਰੂਰੀ ਸੀ ਕਿ ਸਾਡੀ ਸਮੀਖਿਆ ਨੂੰ ਇਸ ਸਮਝ 'ਤੇ ਅਧਾਰਿਤ ਕੀਤਾ ਜਾਵੇ ਕਿ ਸਰਕਾਰ ਕਿਵੇਂ ਕੰਮ ਕਰਦੀ ਹੈ ਅਤੇ ਸਰਕਾਰ ਵੱਲੋਂ ਕੀਤੀ ਜਾਂਦੀ ਕਾਰਵਾਈ ਲਈ ਅਧਿਕਾਰ ਅਤੇ ਜਵਾਬਦੇਹੀ ਕਿਵੇਂ ਕੈਨੇਡਾ ਦੀ ਸਰਕਾਰ ਦੀ ਪ੍ਰਣਾਲੀ ਦੀ ਨੀਂਹ 'ਤੇ ਅਧਾਰਤ ਹੈ।

ਪਬਲਿਕ ਹੈਲਥ ਨੇ ਜਵਾਬੀ ਪ੍ਰਤੀਕਿਰਿਆ ਵਿੱਚ ਇੱਕ ਅਹਿਮ ਭੂਮਿਕਾ ਨਿਭਾਈ, ਇਸ ਲਈ ਇਹ ਸਮਝਣਾ ਵੀ ਮਹੱਤਵਪੂਰਨ ਹੈ ਕਿ ਪਬਲਿਕ ਹੈਲਥ ਦਾ ਟੀਚਾ ਆਬਾਦੀ ਦੀ ਸਿਹਤ ਵਿੱਚ ਸੁਧਾਰ ਕਰਨਾ ਹੈ, ਜਿਸ ਨੂੰ ਬਹੁਤ ਹੱਦ ਤੱਕ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਸ਼ਾਮਲ ਕਰਨ ਲਈ ਪਰਿਭਾਸ਼ਿਤ ਕੀਤਾ ਗਿਆ ਹੈ, ਜਿਸ ਦਾ ਨਿਰਣਾ ਅੰਸ਼ਕ ਰੂਪ ਵਿੱਚ ਸਮਾਜਕ ਸਬੰਧ ਅਤੇ ਆਰਥਿਕ ਹਾਲਾਤਾਂ ਦੁਆਰਾ ਕੀਤਾ ਜਾਂਦਾ ਹੈ। ਇਸ ਸੰਦਰਭ ਦੇ ਅੰਦਰ, ਪਬਲਿਕ ਹੈਲਥ ਐਮਰਜੈਂਸੀ ਦੀ ਕਾਰਵਾਈ ਨੇ ਇਹ ਜਾਣਦੇ ਹੋਏ ਪ੍ਰਭਾਵਾਂ ਨੂੰ ਘੱਟ ਤੋਂ ਘੱਟ ਕਰਨ ਲਈ ਪਹੁੰਚ ਅਪਣਾਈ ਕਿ ਜੇ ਅਸੀਂ ਬਿਮਾਰੀ ਦੇ ਪ੍ਰਭਾਵਾਂ ਨੂੰ ਘੱਟ ਕਰਨ ਲਈ ਲੋਕਾਂ ਦੇ ਵਿਵਹਾਰ ਨੂੰ ਸੀਮਤ ਕਰਦੇ ਹਾਂ, ਤਾਂ ਇਸ ਦਾ ਸਿੱਟਾ ਸਮਾਜਕ ਅਤੇ ਆਰਥਿਕ ਨੁਕਸਾਨ ਦੇ ਰੂਪ ਵਿੱਚ ਵੀ ਨਿਕਲੇਗਾ। ਹਰੇਕ ਫੈਸਲਾ ਇੱਕ

ਅਜਿਹੀ ਪਹੁੰਚ ਬਾਰੇ ਫੈਸਲਾ ਹੈ ਜੋ ਉਪਲਬਧ ਜਾਣਕਾਰੀ 'ਤੇ ਅਧਾਰਿਤ ਹੈ ਜੋ ਲੋਕਾਂ ਨੂੰ ਉਹਨਾਂ ਹਾਲਾਤਾਂ ਵਿੱਚ ਘੱਟ ਤੋਂ ਘੱਟ ਸੰਭਵ ਹੱਦ ਤੱਕ ਸੀਮਤ ਕਰਦੀ ਹੈ।

ਹਾਲਾਂਕਿ ਪਬਲਿਕ ਹੈਲਥ ਉਪਾਵਾਂ ਨੂੰ ਵਿਕਸਤ ਕਰਨ ਲਈ ਵਿਗਿਆਨਕ ਗਿਆਨ ਦੀ ਵਰਤੋਂ ਕੀਤੀ ਜਾਂਦੀ ਹੈ, ਪਰ ਕੇਵਲ ਵਿਗਿਆਨ ਹੀ ਪ੍ਰਤੀਕਿਰਿਆ ਦਾ ਨਿਰਣਾ ਨਹੀਂ ਕਰਦਾ। ਮਹਾਂਮਾਰੀ ਦੇ ਦੌਰਾਨ, ਜਿਵੇਂ-ਜਿਵੇਂ ਬਿਮਾਰੀ ਅੱਗੇ ਵੱਧਦੀ ਰਹੀ, ਵਿਗਿਆਨਕ ਗਿਆਨ ਲਗਾਤਾਰ ਬਦਲਦਾ ਰਿਹਾ। ਅਨਿਸ਼ਚਿਤਤਾ ਮਹਾਂਮਾਰੀ ਦੀ ਪ੍ਰਤੀਕਿਰਿਆ ਦਾ ਪਿਛੋਕੜ ਰਹੀ ਹੈ, ਅਤੇ ਪਬਲਿਕ ਹੈਲਥ ਦੀ ਦਿਸ਼ਾ ਵਿੱਚ ਤਬਦੀਲੀਆਂ, ਮੁਨਾਸਬ ਤੌਰ 'ਤੇ, ਨਿਰੰਤਰ ਰਹੀਆਂ ਹਨ।

ਸਰਕਾਰ ਦੀ ਮਹਾਂਮਾਰੀ ਤੋਂ ਪਹਿਲਾਂ ਦੀ ਯੋਜਨਾਬੰਦੀ ਦੇ ਪਿੱਛੇ ਧਾਰਨਾ ਇਹ ਸੀ ਕਿ ਇਹ ਸਰਕਾਰ ਦੀ ਪ੍ਰਤੀਕਿਰਿਆ ਵਿੱਚ ਤਾਲਮੇਲ ਬਿਠਾਉਣ ਲਈ ਉਸੇ ਪਹੁੰਚ ਦੀ ਵਰਤੋਂ ਕਰੇਗੀ ਜੋ 'ਐਮਰਜੈਂਸੀ ਮੈਨੇਜਮੈਂਟ ਬੀ ਸੀ' ਵੱਲੋਂ ਸ਼ਹਿਰੀ ਅਤੇ ਜੰਗਲੀ ਅੱਗਾਂ ਅਤੇ ਹੜ੍ਹਾਂ ਵਰਗੇ ਖਤਰਿਆਂ ਨਾਲ ਸਬੰਧਿਤ ਵਧੇਰੇ ਆਮ ਐਮਰਜੈਂਸੀਆਂ ਵਿੱਚ ਕਈ ਏਜੰਸੀਆਂ ਦੀਆਂ ਵਿਭਿੰਨ ਪ੍ਰਤੀਕਿਰਿਆ ਗਤੀਵਿਧੀਆਂ ਵਿੱਚ ਤਾਲਮੇਲ ਕਰਨ ਲਈ ਸਫਲਤਾਪੂਰਵਕ ਲਾਗੂ ਹੁੰਦੀ ਹੈ। ਇਸ ਪਹੁੰਚ ਨੂੰ ਲਗਭਗ ਤੁਰੰਤ ਹੀ ਛੱਡ ਦਿੱਤਾ ਗਿਆ; ਇਸ ਦੀ ਬਜਾਏ, ਸਰਕਾਰ ਦੀ ਆਮ ਫੈਸਲਾ ਲੈਣ ਦੀ ਪ੍ਰਕਿਰਿਆ ਨੂੰ ਇੱਕ ਪ੍ਰਭਾਵਸ਼ਾਲੀ ਸੰਕਟ ਪ੍ਰਬੰਧਨ ਪਹੁੰਚ ਵਿੱਚ ਢਾਲਿਆ ਗਿਆ, ਖਾਸ ਕਰਕੇ ਮਹਾਂਮਾਰੀ ਦੇ ਸ਼ੁਰੂਆਤੀ ਹਿੱਸੇ ਵਿੱਚ। ਇਸ ਤਬਦੀਲੀ ਵਿੱਚ, ਸਰਕਾਰਾਂ ਵਿਚਕਾਰ ਤਾਲਮੇਲ ਦਾ ਇੱਕ ਹਿੱਸਾ ਗੁਆਚ ਗਿਆ, ਜਿਸ ਨੇ ਇਸ ਬਾਰੇ ਇੱਕ ਮਹੱਤਵਪੂਰਨ ਸਵਾਲ ਖੜ੍ਹਾ ਕੀਤਾ ਸੀ ਕਿ ਭਵਿੱਖ ਦੀਆਂ ਮਹਾਂਮਾਰੀਆਂ ਅਤੇ ਸੂਬੇ ਭਰ ਦੀਆਂ ਹੋਰ ਐਮਰਜੈਂਸੀਆਂ ਵਿੱਚ ਸਰਕਾਰ ਦੀ ਪ੍ਰਤੀਕਿਰਿਆ ਵਿੱਚ ਤਾਲਮੇਲ ਕਿਵੇਂ ਕੀਤਾ ਜਾਣਾ ਚਾਹੀਦਾ ਹੈ।

## ਕੀ ਹੋਇਆ

ਸਾਨੂੰ ਇਹ ਸਮਝਣ ਵਿੱਚ ਮਦਦ ਕਰਨ ਲਈ ਕਿ ਇਸ ਬੇਹੱਦ ਗੁੰਝਲਦਾਰ ਪ੍ਰਤੀਕਿਰਿਆ ਕੋਸ਼ਿਸ਼ ਵਿੱਚ ਕੀ ਵਾਪਰਿਆ ਸੀ, ਅਸੀਂ ਲੱਗਭਗ 1,000 ਘਟਨਾਵਾਂ[1] ਦਾ ਇੱਕ ਵਿਸਤਰਿਤ ਸਮਾਂ-ਸੀਮਾ ਡੈਟਾਬੇਸ ਤਿਆਰ ਕੀਤਾ ਅਤੇ ਇਸ ਦੀ ਵਰਤੋਂ ਇਸ ਰੂਪ-ਰੇਖਾ ਨੂੰ ਵਿਕਸਤ ਕਰਨ ਲਈ ਕੀਤੀ ਕਿ ਬੀ.ਸੀ. ਵਿੱਚ ਪ੍ਰਤੀਕਿਰਿਆ ਕਿਵੇਂ ਸਾਹਮਣੇ ਆਈ। ਅਸੀਂ ਮਹਾਂਮਾਰੀ ਲਈ ਸਰਕਾਰ ਵੱਲੋਂ ਚੁੱਕੇ ਕਦਮਾਂ ਦੇ ਪੰਜ ਪੜਾਵਾਂ ਦੀ ਪਛਾਣ ਕੀਤੀ। ਹਰੇਕ ਪੜਾਅ ਉਸ ਸਮੇਂ ਦੀ ਮਿਆਦ ਨੂੰ ਦਰਸਾਉਂਦਾ ਹੈ ਜਿਸ ਦੌਰਾਨ ਸਰਕਾਰ ਦੇ ਮਹਾਂਮਾਰੀ ਪ੍ਰਤੀਕਿਰਿਆ ਉਪਾਅ, ਖਾਸ ਕਰਕੇ ਵਰਤੇ ਗਏ ਜਨਤਕ ਸਿਹਤ ਉਪਾਅ, ਪ੍ਰਤੀਕਿਰਿਆ ਦੇ ਪਿਛਲੇ ਪੜਾਅ ਤੋਂ ਵੱਖਰੇ ਸਨ। ਇਹ ਪੜਾਅ ਬਿਮਾਰੀ ਦੀਆਂ ਲਹਿਰਾਂ ਤੋਂ ਵੱਖਰੇ ਹਨ। ਬਿਮਾਰੀ ਦੀਆਂ ਲਹਿਰਾਂ ਉਹ ਮਿਆਦਾਂ ਹਨ, ਜਿਨ੍ਹਾਂ ਦੌਰਾਨ ਹਸਪਤਾਲ ਵਿੱਚ ਭਰਤੀ ਹੋਣ ਦੀਆਂ ਘਟਨਾਵਾਂ ਵਧਦੀਆਂ ਹਨ ਅਤੇ ਫਿਰ ਘੱਟ ਜਾਂਦੀਆਂ ਹਨ, ਅਤੇ ਹਰੇਕ ਲਹਿਰ SARS-COV-2 ਵਾਇਰਸ ਦੇ ਇੱਕ ਵੱਖਰੇ ਰੂਪ ਨਾਲ ਜੁੜੀ ਹੋਈ ਹੈ ਜੋ ਬੀ.ਸੀ. ਵਿੱਚ ਪ੍ਰਮੁੱਖ ਹੈ।

ਇਹ ਸਪੱਸ਼ਟ ਹੋਣ ਤੋਂ ਬਾਅਦ ਕਿ ਕੋਵਿਡ-19 ਵਿਸ਼ਵ ਭਰ ਵਿੱਚ ਇੱਕ ਖ਼ਤਰਾ ਸੀ, ਮਾਰਚ 2020 ਵਿੱਚ, ਪ੍ਰਤੀਕਿਰਿਆ ਦੇ ਪਹਿਲੇ ਪੜਾਅ ਵਿੱਚ ਜਨਤਕ ਡਰ, ਬਹੁਤ ਜ਼ਿਆਦਾ ਅਨਿਸ਼ਚਿਤਤਾ, ਗੰਭੀਰਤਾ ਅਤੇ ਉੱਚ ਜੋਖਮ ਦੀ ਵਿਸ਼ੇਸ਼ਤਾ ਸੀ। ਸ਼ੁਰੂਆਤੀ ਪ੍ਰਤੀਕਿਰਿਆ ਜਨਤਕ ਸਿਹਤ ਸੇਧਾਂ ਅਤੇ ਆਦੇਸ਼ਾਂ ਦੀ ਸਵੈਇੱਛਤ ਪਾਲਣਾ ਕਰਨ 'ਤੇ ਕੇਂਦ੍ਰਿਤ ਸੀ, ਜਿਸ ਨੂੰ ਲਾਗੂ ਕਰਨ ਦੀ ਯੋਗਤਾ ਤੋਂ ਬਿਨਾਂ, ਮੰਤਰਾਲਿਆਂ ਨੇ ਸਰਕਾਰੀ ਸੇਵਾਵਾਂ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਤੇਜ਼ੀ ਨਾਲ ਕਦਮ ਚੁੱਕੇ, ਮਹਾਂਮਾਰੀ ਤੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਕਰਨ ਦੇ ਤਰੀਕੇ ਤੇਜ਼ੀ ਨਾਲ ਲੱਭੇ, ਅਤੇ ਰਿਕਵਰੀ ਯੋਜਨਾਵਾਂ ਦਾ ਵਿਕਾਸ ਕੀਤਾ। ਇਸ ਕੋਸ਼ਿਸ਼ ਨੇ ਕੁਝ ਹੀ ਮਹੀਨਿਆਂ ਵਿੱਚ ਜਵਾਬੀ ਪ੍ਰਤੀਕਿਰਿਆ ਦੀ ਨੀਂਹ ਰੱਖੀ।

[1] ਇਵੈਂਟ ਟਾਈਮਲਾਈਨ ਡੈਟਾਬੇਸ ਨੂੰ ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਦੀ ਵੈੱਬਸਾਈਟ 'ਤੇ ਪ੍ਰੋਵਿੰਸ਼ੀਅਲ ਐਮਰਜੈਂਸੀ ਮੈਨੇਜਮੈਂਟ ਰਿਪੋਰਟਾਂ ਦੇ ਵੈੱਬਪੰਨੇ 'ਤੇ ਦੇਖਿਆ ਜਾ ਸਕਦਾ ਹੈ।

ਜਿਵੇਂ ਹੀ ਮਹਾਂਮਾਰੀ ਦੀ ਪਹਿਲੀ ਲਹਿਰ ਘੱਟ ਗਈ, ਪ੍ਰਤੀਕਿਰਿਆ ਇੱਕ ਅਜਿਹੇ ਪੜਾਅ ਵਿੱਚ ਦਾਖਲ ਹੋ ਗਈ ਜਿਸ ਵਿੱਚ ਉਸ ਨੀਂਹ ਨੂੰ ਪਬਲਿਕ ਹੈਲਥ ਅਤੇ ਇੱਕ ਸਰਕਾਰੀ ਸੰਚਾਲਨ ਪ੍ਰਤੀਕਿਰਿਆ ਦੇ ਨਜ਼ਰੀਏ ਤੋਂ ਮਹਾਂਮਾਰੀ ਦੇ ਪ੍ਰਬੰਧਨ ਲਈ ਲਾਗੂ ਅਤੇ ਸੋਧਿਆ ਜਾ ਸਕਦਾ ਸੀ। ਪਬਲਿਕ ਹੈਲਥ ਦੇ ਉਪਾਅ ਸਵੈ-ਇੱਛਤ ਤਾਮੀਲ ਤੋਂ ਲਾਜ਼ਮੀ ਲਾਗੂ ਹੋਣ ਯੋਗ ਆਦੇਸ਼ਾਂ ਵੱਲ ਤਬਦੀਲ ਹੋ ਗਏ ਸਨ ਜੋ ਕਿ ਅਕਸਰ ਉਹਨਾਂ ਵਿਸ਼ੇਸ਼ ਗਤੀਵਿਧੀਆਂ ਵੱਲ ਸੇਧਿਤ ਹੁੰਦੇ ਸਨ, ਜੋ ਫੈਲਾਅ ਦੇ ਸਰੋਤ ਸਨ।

ਜਦੋਂ ਜਨਵਰੀ 2021 ਵਿੱਚ ਵੈਕਸੀਨ ਉਪਲਬਧ ਹੋਏ, ਤਾਂ ਉਹਨਾਂ ਨੂੰ ਵੰਡਣਾ ਇੱਕ ਹੋਰ ਤਰਜੀਹ ਬਣ ਗਿਆ, ਕਿਉਂਕਿ ਜਨਤਕ ਤੌਰ 'ਤੇ ਉਪਲਬਧ ਹੋਣ ਤੋਂ ਬਾਅਦ ਉੱਚ ਟੀਕਾਕਰਣ ਦਰਾਂ ਇੱਕੋ ਇੱਕ ਸਭ ਤੋਂ ਵੱਧ ਅਸਰਦਾਰ ਪਬਲਿਕ ਹੈਲਥ ਉਪਾਅ ਸਨ। ਬੀ.ਸੀ. ਬਾਲਗਾਂ ਲਈ ਪਹਿਲੀਆਂ ਦੋ ਖੁਰਾਕਾਂ ਲਈ ਟੀਕਾਕਰਣ ਦੀ ਉੱਚ ਦਰ ਹਾਸਲ ਕਰਨ ਵਿੱਚ ਸਫਲ ਰਿਹਾ, ਅਤੇ ਉਸ ਤੋਂ ਬਾਅਦ ਦੇ ਬੂਸਟਰ ਟੀਕਿਆਂ ਲਈ ਅਤੇ ਯੋਗ ਹੋ ਜਾਣ 'ਤੇ ਘੱਟ ਉਮਰ ਦੇ ਲੋਕਾਂ ਲਈ ਟੀਕਾਕਰਣ ਦੀ ਦਰ ਮੁਕਾਬਲਤਨ ਘੱਟ ਰਹੀ। ਸਤੰਬਰ 2021 ਵਿੱਚ, ਵੈਕਸੀਨ ਕਾਰਡ ਦੀ ਸ਼ੁਰੂਆਤ ਦੇ ਨਾਲ ਅਤੇ ਜਿਵੇਂ ਹੀ ਕਈ ਖੇਤਰਾਂ ਵਿੱਚ ਕਾਮਿਆਂ ਲਈ ਵੈਕਸੀਨ ਦੇ ਆਦੇਸ਼ ਲਾਗੂ ਹੋਣੇ ਸ਼ੁਰੂ ਹੋ ਗਏ, ਸਰਕਾਰ ਦੀ ਮਹਾਂਮਾਰੀ ਪ੍ਰਤੀਕਿਰਿਆ ਪ੍ਰਤੀ ਜਨਤਾ ਦੀ ਪ੍ਰਤੀਕਿਰਿਆ ਬਦਲ ਗਈ। ਇਨ੍ਹਾਂ ਉਪਾਵਾਂ ਨੇ ਨਿੱਜੀ ਆਜ਼ਾਦੀ 'ਤੇ ਪਾਬੰਦੀਆਂ ਦੀ ਪਹਿਲਾਂ ਤੋਂ ਸ਼ੁਰੂ ਹੋਈ ਆਲੋਚਨਾ ਨੂੰ ਵਧਾ ਦਿੱਤਾ ਅਤੇ ਇਸ ਦਾ ਨਤੀਜਾ 'ਫਰੀਡਮ ਕੌਨਵੌਏ ਮੂਵਮੈਂਟ' ਦੀ ਲਹਿਰ ਦੇ ਰੂਪ ਵਿੱਚ ਨਿਕਲਿਆ, ਜਿਸ ਤਹਿਤ ਹਫ਼ਤਿਆਂ ਤੱਕ ਚੱਲਣ ਵਾਲੇ ਵਿਘਨਕਾਰੀ, ਵਿਰੋਧ ਪ੍ਰਦਰਸ਼ਨ ਕੀਤੇ ਗਏ।

ਅਪ੍ਰੈਲ 2022 ਵਿੱਚ, ਫੈਲਾਅ ਦੇ ਉੱਚ ਪੱਧਰ, ਬਿਮਾਰੀ ਦੇ ਗੰਭੀਰ ਨਤੀਜਿਆਂ ਵਿੱਚ ਕਟੌਤੀ, ਅਤੇ ਓਮਿਕਰੌਨ ਅਤੇ ਇਸ ਦੇ ਵੇਰੀਐਂਟਾਂ ਨਾਲ ਜੁੜੀਆਂ ਉੱਚ ਟੀਕਾਕਰਣ ਦਰਾਂ ਨੇ ਪਬਲਿਕ ਹੈਲਥ ਪਾਬੰਦੀਆਂ ਦੇ ਅਸਰ ਨੂੰ ਘਟਾ ਦਿੱਤਾ। ਇਸ ਦੇ ਜਵਾਬ ਵਿੱਚ, ਬਾਕੀ ਕੈਨੇਡਾ ਦੇ ਸਾਰੇ ਖੇਤਰਾਂ ਵਿੱਚ ਬ੍ਰਿਟਿਸ਼ ਕੋਲੰਬੀਆ, ਅਤੇ ਵਿਸ਼ਵ ਭਰ ਦੇ ਦੇਸ਼ਾਂ ਨੇ ਜ਼ਿਆਦਾਤਰ ਪਾਬੰਦੀਆਂ ਵਿੱਚ ਢਿੱਲ ਦਿੱਤੀ ਅਤੇ ਲੋਕਾਂ ਨੂੰ ਤੇਜ਼ੀ ਨਾਲ ਟੈਸਟਾਂ ਤੱਕ ਮੁਫ਼ਤ ਪਹੁੰਚ ਪ੍ਰਦਾਨ ਕੀਤੀ, ਅਤੇ ਲੋਕਾਂ ਨੂੰ ਆਪਣੇ ਆਪ ਨੂੰ ਇਹ ਫੈਸਲਾ ਕਰਨ ਲਈ ਨਿਰਭਰ ਕੀਤਾ ਕਿ ਬਿਮਾਰੀ ਤੋਂ ਆਪਣੇ ਆਪ ਨੂੰ ਬਚਾਉਣ ਲਈ ਕਿਹੜੇ ਉਪਾਅ ਕਰਨੇ ਚਾਹੀਦੇ ਹਨ।

ਮਹਾਂਮਾਰੀ ਦੇ ਦੌਰਾਨ ਇਸ ਬਾਰੇ ਬਹਿਸ ਹੁੰਦੀ ਰਹੀ ਹੈ ਕਿ ਬੀ.ਸੀ. ਵੱਲੋਂ ਕੀਤੀ ਕਾਰਵਾਈ ਕਿਹੋ ਜਿਹੀ ਰਹੀ? ਅਸੀਂ ਇਸ ਸਵਾਲ ਦਾ ਜਵਾਬ ਦੇਣ ਲਈ ਕੈਨੇਡਾ ਦੇ ਚਾਰ ਸਭ ਤੋਂ ਵੱਧ ਆਬਾਦੀ ਵਾਲੇ ਸੂਬਿਆਂ ਵਿੱਚ ਮਹਾਂਮਾਰੀ ਪ੍ਰਤੀਕਿਰਿਆ, ਕੋਵਿਡ-19 ਦੇ ਸਿਹਤ ਪ੍ਰਭਾਵਾਂ ਅਤੇ ਮਹਾਂਮਾਰੀ ਦੇ ਆਰਥਿਕ ਪ੍ਰਭਾਵਾਂ ਨਾਲ ਸਬੰਧਿਤ ਤੁਲਨਾਤਮਕ, ਮਾਤਰਾਤਮਕ ਸੰਕੇਤਾਂ ਦੀ ਵਰਤੋਂ ਕੀਤੀ ਹੈ।

ਅੰਕੜੇ ਦਰਸਾਉਂਦੇ ਹਨ ਕਿ ਬੀ.ਸੀ. ਦੇ ਪਬਲਿਕ ਹੈਲਥ ਦੇ ਉਪਾਅ ਸਮੁੱਚੇ ਤੌਰ 'ਤੇ ਕੁਝ ਘੱਟ ਵਿਘਨ ਵਾਲੇ ਅਤੇ ਕੁਝ ਵਧੇਰੇ ਸਥਿਰ ਸਨ, ਬੀ.ਸੀ. ਵਿੱਚ ਪ੍ਰੋਗਰਾਮ ਦੇ ਖਰਚੇ ਵਿੱਚ ਸਭ ਤੋਂ ਵੱਧ ਵਾਧਾ ਹੋਇਆ ਸੀ, ਅਤੇ ਹੋਰ ਅਧਿਕਾਰ ਖੇਤਰਾਂ ਦੇ ਮੁਕਾਬਲੇ ਟੀਕਾਕਰਣ ਦੀ ਦਰ ਥੋੜ੍ਹੀ ਜਿਹੀ ਉੱਚੀ ਸੀ। ਸਿਹਤ ਨਤੀਜਿਆਂ ਦੇ ਮਾਮਲੇ ਵਿੱਚ, ਬੀ.ਸੀ. ਵਿੱਚ ਕੋਵਿਡ-19 ਦੇ ਮਾਮਲਿਆਂ ਅਤੇ ਮੌਤਾਂ ਦੀ ਦਰ ਥੋੜ੍ਹੀ ਜਿਹੀ ਘੱਟ ਸੀ। ਆਰਥਿਕ ਨਜ਼ਰੀਏ ਤੋਂ, ਬੀ.ਸੀ. ਵਿੱਚ ਰੁਜ਼ਗਾਰ ਲਗਭਗ ਜ਼ਿਆਦਾਤਰ ਹੋਰ ਸੂਬਿਆਂ ਵਾਂਗ ਹੀ ਜੁਲਾਈ 2021 ਤੱਕ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰ 'ਤੇ ਪਹੁੰਚ ਗਿਆ, ਅਤੇ ਮਹਾਂਮਾਰੀ ਦੇ ਮੁਕਾਬਲੇ ਕੁੱਲ ਘਰੇਲੂ ਉਤਪਾਦ (GDP) 'ਤੇ ਸਭ ਤੋਂ ਘੱਟ ਪ੍ਰਭਾਵ ਪਿਆ। ਸਮੁੱਚੇ ਤੌਰ 'ਤੇ, ਇਹ ਦਰਸਾਉਂਦਾ ਹੈ ਕਿ ਬੀ.ਸੀ. ਦਾ ਪ੍ਰਬੰਧਨ ਘੱਟੋ ਘੱਟ ਬਾਕੀ ਹੋਰ ਅਧਿਕਾਰ ਖੇਤਰਾਂ ਵਰਗਾ ਰਿਹਾ।

ਇੱਕ ਹੋਰ ਮਹੱਤਵਪੂਰਨ ਸੰਕੇਤ ਹੈ ਸਰਕਾਰ 'ਤੇ ਭਰੋਸਾ, ਜਿਸ ਦੀ ਤੁਲਨਾ ਅਸੀਂ ਜਨਤਕ ਰਾਏ ਦੇ ਸਥਿਰ ਖੋਜ ਨਤੀਜਿਆਂ ਦੀ ਵਰਤੋਂ ਕਰਕੇ ਕੀਤੀ ਸੀ। ਉਨ੍ਹਾਂ ਨੇ ਦਿਖਾਇਆ ਕਿ ਅਗਸਤ 2022 ਤੱਕ ਮਹਾਂਮਾਰੀ ਦੇ ਦੌਰਾਨ ਸਰਕਾਰ ਵਿੱਚ ਜਨਤਕ ਭਰੋਸਾ ਮੁਕਾਬਲਤਨ ਉੱਚਾ ਸੀ, ਪਰ ਬੀ.ਸੀ. ਸਮੇਤ ਸਾਰੇ ਸੂਬੇਇਆਂ ਵਿੱਚ, ਗਿਰਾਵਟ ਦਾ ਸਿਲਸਿਲਾ ਦੇਖਣ ਨੂੰ ਮਿਲਿਆ।

## ਅਸੀਂ ਕੀ ਸੁਣਿਆ

ਸਾਡੀ ਸ਼ਮੂਲੀਅਤ ਦੀ ਪ੍ਰਕਿਰਿਆ ਵਿੱਚ ਇੱਕ ਜਨਤਕ ਸਰਵੇਖਣ ਸ਼ਾਮਲ ਸੀ ਜੋ ਇੱਕ ਤੋਂ ਵਧੇਰੇ ਭਾਸ਼ਾਵਾਂ ਵਿੱਚ ਉਪਲਬਧ ਸੀ ਜਿਸ ਦੀ ਮੇਜ਼ਬਾਨੀ ਗਵਟੂਗੈਦਰ ਬੀ ਸੀ (govTogetherBC) ਦੀ ਵੈੱਬਸਾਈਟ 'ਤੇ ਕੀਤੀ ਗਈ ਸੀ, ਜਿਸ ਵਿੱਚ ਸਾਨੂੰ 3,000 ਪੰਨਿਆਂ ਦੀ ਲਿਖਤੀ ਟਿੱਪਣੀ ਦੇ ਨਾਲ 15,000 ਤੋਂ ਵਧੇਰੇ ਜਵਾਬ ਪ੍ਰਾਪਤ ਹੋਏ ਸਨ; ਹਰੇਕ ਸਰਕਾਰੀ ਮੰਤਰਾਲੇ ਅਤੇ ਕਈ ਸਬੰਧਿਤ ਅਦਾਰਿਆਂ ਕੋਲੋਂ ਲਿਖਤੀ ਬੇਨਤੀਆਂ; ਹਰੇਕ ਉਪ-ਮੰਤਰੀ ਅਤੇ ਕਈ ਹੋਰ ਜਨਤਕ ਸੇਵਾਵਾਂ ਅਤੇ ਪ੍ਰਤੀਕਿਰਿਆ ਵਿੱਚ ਸ਼ਾਮਲ ਵਿਆਪਕ ਪਬਲਿਕ ਸੈਕਟਰ ਦੇ ਅਧਿਕਾਰੀਆਂ ਨਾਲ ਇੰਟਰਵਿਊਆਂ; ਅਤੇ ਇੰਟਰਵਿਊਆਂ ਅਤੇ ਲਿਖਤੀ ਬੇਨਤੀਆਂ ਰਾਹੀਂ 145 ਹਿੱਸੇਦਾਰਾਂ ਦੇ ਗਰੁੱਪਾਂ ਦੀ ਪ੍ਰਤੀਨਿਧਤਾ ਕਰਨ ਵਾਲੇ 200 ਤੋਂ ਵੱਧ ਵਿਅਕਤੀਆਂ ਨਾਲ ਸ਼ਮੂਲੀਅਤ, ਅਤੇ ਨਾਲ ਹੀ ਸਥਾਨਕ ਸਰਕਾਰਾਂ 'ਤੇ ਕੇਂਦਰਿਤ ਇੱਕ ਸਰਵੇਖਣ ਲਈ 20 ਤੋਂ ਵਧੇਰੇ ਜਵਾਬ। ਅਸੀਂ ਇੰਡੀਜਨਸ ਲੋਕਾਂ ਅਤੇ ਸੰਸਥਾਵਾਂ ਨਾਲ ਜੁੜਨ ਲਈ ਇੱਕ ਵਿਆਪਕ ਕੋਸ਼ਿਸ਼ ਵੀ ਕੀਤੀ ਹੈ।

ਲੋਕਾਂ ਦੇ ਵਿਚਾਰ ਜਾਣਨ ਲਈ ਸਾਡਾ ਸਰਵੇਖਣ ਸਮੁੱਚੇ ਤੌਰ 'ਤੇ ਆਬਾਦੀ ਦੀ ਪ੍ਰਤੀਨਿਧਤਾ ਨਹੀਂ ਕਰਦਾ ਸੀ ਕਿਉਂਕਿ ਲੋਕਾਂ ਨੇ ਭਾਗ ਲੈਣ ਦੀ ਚੋਣ ਕੀਤੀ ਸੀ। ਨਤੀਜੇ ਜਨਤਕ ਰਾਏ ਦੇ ਖੋਜ ਨਤੀਜਿਆਂ ਵਿੱਚ ਦੇਖੇ ਗਏ ਨਤੀਜਿਆਂ ਨਾਲੋਂ ਕਾਫ਼ੀ ਜ਼ਿਆਦਾ ਨੈਗੇਟਿਵ ਸਨ ਪਰ ਇਹ ਗੱਲ ਉਭਰਕੇ ਸਾਹਮਣੇ ਆਈ ਕਿ ਆਬਾਦੀ ਦਾ ਇੱਕ ਮਹੱਤਵਪੂਰਨ ਹਿੱਸਾ ਮਹਾਂਮਾਰੀ ਨਾਲ ਨਜਿੱਠਣ ਦੀ ਕਾਰਵਾਈ, ਖਾਸ ਕਰਕੇ ਮਾਸਕ ਅਤੇ ਵੈਕਸੀਨ ਦੇ ਆਦੇਸ਼ਾਂ ਤੋਂ ਬਹੁਤ ਪਰੇਸ਼ਾਨ ਸੀ, ਜੋ ਕਿ ਬਹੁਤ ਵਿਭਾਜਤ ਸਨ।

ਸਰਕਾਰ ਅਤੇ ਸਰਕਾਰ ਦੇ ਹਿੱਤ-ਧਾਰਕਾਂ ਦੇ ਨਾਲ ਸਾਡੀ ਸ਼ਮੂਲੀਅਤ ਨੇ ਦੋਨਾਂ ਵੱਲੋਂ ਵਿਸ਼ਿਆਂ ਦੀ ਸਥਿਰ ਲੜੀ ਦਾ ਖੁਲਾਸਾ ਕੀਤਾ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਰੋਜ਼ਾਨਾ ਸੰਖੇਪ ਜਾਣਕਾਰੀ ਦੇਣ ਦੀ ਪਹੁੰਚ ਲਈ ਵਿਆਪਕ ਸਹਿਯੋਗ, ਜਿਸ ਦੀ ਅਗਵਾਈ ਪ੍ਰੋਵਿੰਸ਼ੀਅਲ ਹੈਲਥ ਅਫਸਰ ਦੁਆਰਾ ਕੀਤੀ ਜਾਂਦੀ ਹੈ, ਜਿਸ ਨੂੰ ਸਿਹਤ ਮੰਤਰੀ ਦੁਆਰਾ ਸਹਿਯੋਗ ਦਿੱਤਾ ਜਾਂਦਾ ਹੈ, ਜਿੱਥੇ ਪ੍ਰੀਮੀਅਰ ਸੀਮਤ ਪੱਧਰ 'ਤੇ ਜਨਤਾ ਦਾ ਸਾਹਮਣਾ ਕਰਦੇ ਹਨ
- ਸਰਕਾਰੀ ਸੇਵਾਵਾਂ ਨੂੰ ਬਣਾਈ ਰੱਖਣ ਲਈ ਅਤੇ ਪਹਿਲਾਂ ਤੋਂ ਅਸਧਾਰਣ ਗਤੀਆਂ 'ਤੇ ਨਵੇਂ ਪ੍ਰੋਗਰਾਮਾਂ ਦਾ ਵਿਕਾਸ ਕਰਨ ਲਈ ਜਨਤਕ ਸੇਵਾ ਦੁਆਰਾ ਫੁਰਤੀਲੀ, ਔਖੇ ਸਮੇਂ ਵਿੱਚ ਮੁੜ ਉੱਭਰਨ ਦੀ ਸ਼ਕਤੀ ਵਾਲੀ ਕਾਰਵਾਈ ਦੀ ਜ਼ੋਰਦਾਰ ਸ਼ਲਾਘਾ
- ਇਸ ਤੱਥ ਨੂੰ ਮਾਨਤਾ ਦੇਣਾ ਕਿ ਪਬਲਿਕ ਹੈਲਥ ਉਪਾਅ ਜ਼ਿਆਦਾਤਰ ਹੋਰ ਅਧਿਕਾਰ-ਖੇਤਰਾਂ ਦੇ ਮੁਕਾਬਲੇ ਸਮੁੱਚੇ ਤੌਰ 'ਤੇ ਘੱਟ ਵਿਘਨਕਾਰੀ ਸਨ
- ਮਹਾਂਮਾਰੀ ਦੇ ਸ਼ੁਰੂਆਤੀ ਪੜਾਅ ਤੋਂ ਬਾਅਦ ਜਨਤਕ ਸਿਹਤ ਉਪਾਵਾਂ ਵਿੱਚ ਤਬਦੀਲੀਆਂ ਨਾਲ ਸਬੰਧਿਤ ਸੰਚਾਰਾਂ ਬਾਰੇ ਚਿੰਤਾਵਾਂ, ਜਿਸ ਵਿੱਚ ਇਸ ਗੱਲ ਦੀ ਬਿਹਤਰ ਵਿਆਖਿਆ ਦੀ ਲੋੜ ਸ਼ਾਮਲ ਹੈ ਕਿ ਫੈਸਲੇ ਕਿਉਂ ਲਏ ਗਏ ਸਨ ਅਤੇ ਪ੍ਰਤੱਖ ਫਰਕ, ਪਬਲਿਕ ਸਰਵਿਸ ਅਤੇ ਹਿੱਸੇਦਾਰਾਂ ਨੂੰ ਅੰਜਾਮ ਅਤੇ ਲਾਗੂਕਰਨ ਵਿੱਚ ਰਾਏ ਪ੍ਰਦਾਨ ਕਰਨ ਲਈ ਬਹੁਤ ਘੱਟ ਮੌਕਾ ਦੇਣਾ ਅਤੇ ਸੀਮਤ ਨੋਟਿਸ ਪ੍ਰਦਾਨ ਕਰਨਾ ਅਤੇ ਘੋਸ਼ਣਾਵਾਂ ਦਾ ਸਮਰਥਨ ਕਰਨ ਵਾਲੀਆਂ ਘੱਟ ਲਿਖਤੀ ਸਮੱਗਰੀਆਂ
- ਪ੍ਰਤੀਕਿਰਿਆ ਦੇ ਉਪਾਵਾਂ ਬਾਰੇ ਸੰਚਾਰ ਕਰਦੇ ਸਮੇਂ ਅਤੇ ਅੰਜਾਮ ਅਤੇ ਲਾਗੂਕਰਨ ਬਾਰੇ ਸਲਾਹ-ਮਸ਼ਵਰਾ ਕਰਦੇ ਸਮੇਂ ਹਿੱਤਧਾਰਕਾਂ ਨਾਲ ਮਜ਼ਬੂਤ ਸਬੰਧਾਂ ਦੀ ਮਹੱਤਤਾ
- ਸੂਬਾਈ ਸਰਕਾਰ ਦੇ ਪ੍ਰੋਗਰਾਮਾਂ ਅਤੇ ਕੰਮਾਂ ਵਿਚਲੇ ਫਰਕ, ਜਿੰਨ੍ਹਾਂ ਨੂੰ ਮਹਾਂਮਾਰੀ ਦੁਆਰਾ ਉਜਾਗਰ ਕੀਤਾ ਗਿਆ ਹੈ, ਜਿਸ ਵਿੱਚ ਜ਼ਰੂਰੀ ਚੀਜ਼ਾਂ ਵਾਸਤੇ ਸਪਲਾਈ ਚੇਨ ਵਿੱਚ ਵਿਘਨ 'ਤੇ ਧਿਆਨ ਕੇਂਦਰਿਤ ਨਾ ਕਰਨਾ ਅਤੇ ਉਹਨਾਂ ਸਮਾਜ ਸੇਵਾ ਪ੍ਰਦਾਨਕਾਂ ਦੀ ਮਹੱਤਤਾ ਬਾਰੇ ਸਮਝ ਦੀ ਕਮੀ ਸ਼ਾਮਲ ਹੈ ਜਿਨ੍ਹਾਂ ਵਾਸਤੇ ਸਰਕਾਰੀ ਪ੍ਰੋਗਰਾਮਾਂ ਅਤੇ ਸਰਕਾਰੀ ਸਮਾਜਕ ਸਹਾਇਤਾ ਪ੍ਰੋਗਰਾਮਾਂ ਵਿਚਕਾਰ ਸਬੰਧਾਂ ਰਾਹੀਂ ਫ਼ੰਡ ਸਹਾਇਤਾ ਨਹੀਂ ਦਿੱਤੀ ਜਾਂਦੀ (ਸਮਾਜਕ ਸਪਲਾਈ ਚੇਨ)
- ਜਨਤਕ ਸਿਹਤ ਆਦੇਸ਼ਾਂ ਨੂੰ ਲਾਗੂ ਕਰਨ ਦੀ ਚੁਣੌਤੀ, ਵਧੀ ਹੋਈ ਕਨੂੰਨੀ ਅਥਾਰਟੀ ਅਤੇ ਵਧੀ ਹੋਈ ਸਮਰੱਥਾ ਪ੍ਰਦਾਨ ਕਰਨ ਲਈ ਕਈ ਅਧਿਨਿਯਮਕ ਅਦਾਰਿਆਂ ਦੇ ਤਾਲਮੇਲ ਦੀ ਲੋੜ

ਸੰਖੇਪ ਵਿੱਚ, ਕਈਆਂ ਨੇ ਸੰਕੇਤ ਦਿੱਤਾ ਕਿ, ਕੁੱਲ ਮਿਲਾ ਕੇ, ਬੀ.ਸੀ. ਮਹਾਂਮਾਰੀ ਲਈ ਤਿਆਰ ਨਹੀਂ ਸੀ।

## ਅਸੀਂ ਕੀ ਪਾਇਆ

ਰਿਪੋਰਟ ਵਿੱਚ ਅਸੀਂ ਛੇ ਸ਼੍ਰੇਣੀਆਂ ਵਿੱਚ 26 ਨਤੀਜੇ ਅਤੇ ਸਿੱਟੇ ਕੱਢੇ ਹਨ: ਭਰੋਸਾ, ਤਿਆਰੀ, ਫੈਸਲੇ ਲੈਣੇ, ਸੰਚਾਰ, ਲਾਗੂ ਕਰਨਾ, ਅਤੇ ਇੰਡੀਜਨਸ ਲੋਕਾਂ 'ਤੇ ਮਹਾਂਮਾਰੀ ਪ੍ਰਤੀਕਿਰਿਆ ਦੇ ਪ੍ਰਭਾਵ। ਸਿੱਟੇ ਉਹਨਾਂ ਖੇਤਰਾਂ ਵੱਲ ਇਸ਼ਾਰਾ ਕਰਦੇ ਹਨ ਜਿਨ੍ਹਾਂ ਵਿੱਚ ਸੁਧਾਰ ਕਰਨ ਨਾਲ ਸੂਬੇ ਭਰ ਵਿੱਚ ਆਉਣ ਵਾਲੀ ਅਗਲੀ ਐਮਰਜੈਂਸੀ ਲਈ ਤਿਆਰ ਹੋਣ ਵਿੱਚ ਮਦਦ ਹੋ ਸਕਦੀ ਹੈ।[2]

ਇਸ ਵਿੱਚ ਸਾਨੂੰ ਬਹੁਤ ਸਾਰੇ ਇਹੋ ਜਿਹੇ ਵੇਰਵੇ ਮਿਲੇ ਹਨ ਜਿਹੜੇ ਸਾਡੀ ਖੋਜ ਰਾਹੀਂ ਹਾਸਲ ਕੀਤੇ ਤੱਥਾਂ ਨੂੰ ਛੋਹੰਦੇ ਹਨ। ਮਹਾਂਮਾਰੀ ਦਾ ਤਜਰਬਾ ਬਹੁਤ ਨਿੱਜੀ ਸੀ, ਜਿਸ ਨੇ ਹਰ ਵਿਅਕਤੀ ਅਤੇ ਸਮੂਹ ਨੂੰ ਵੱਖੋ-ਵੱਖਰੇ ਤਰੀਕਿਆਂ ਨਾਲ ਪ੍ਰਭਾਵਿਤ ਕੀਤਾ, ਜਿਸ ਕਾਰਨ ਵਿਲੱਖਣ ਦ੍ਰਿਸ਼ਟੀਕੋਣ ਬਣੇ। ਜ਼ਿਆਦਾਤਰ ਲੋਕਾਂ ਨੂੰ ਉਮੀਦ ਸੀ ਕਿ ਇਹ ਸਿਰਫ਼ ਹੈਲਥ ਕੇਅਰ ਦਾ ਇੱਕ ਮਾਮਲਾ ਹੋਵੇਗਾ ਜੋ ਜਲਦੀ ਟਲ ਜਾਵੇਗਾ, ਨਾ ਕਿ ਲੰਬੇ ਸਮੇਂ ਲਈ ਇੱਕ ਸਮਾਜਿਕ ਵਿਘਨ। ਪਬਲਿਕ ਹੈਲਥ ਦੀਆਂ ਜ਼ਰੂਰੀ ਪਾਬੰਦੀਆਂ ਦੇ ਨਾਲ-ਨਾਲ ਮਹਾਂਮਾਰੀ ਪ੍ਰਤੀ ਲੋਕਾਂ ਦੀ ਕੁਦਰਤੀ ਪ੍ਰਤੀਕਿਰਿਆ ਵਿਘਨ ਦਾ ਕਾਰਨ ਬਣੀ। ਇੱਕ ਸਮਾਜ-ਵਿਆਪੀ ਵਿਘਨ ਨਾਲ ਨਜਿੱਠਣ ਲਈ ਇੱਕ ਸਰਬ-ਸਰਕਾਰੀ ਪ੍ਰਤੀਕਿਰਿਆ ਦੀ ਲੋੜ ਹੁੰਦੀ ਹੈ, ਜੋ ਅੱਜ 30 ਮਹੀਨਿਆਂ ਬਾਅਦ ਵੀ ਜਾਰੀ ਹੈ।

### ਜਨਤਕ ਭਰੋਸਾ

ਸਾਡਾ ਪਹਿਲਾ ਨਤੀਜਾ, ਜਨਤਕ ਭਰੋਸੇ ਦੇ ਮੂਲ ਸਵਾਲ ਨੂੰ ਸੰਬੋਧਿਤ ਕਰਦਾ ਹੈ। ਬੀ.ਸੀ. ਦੀ ਮਹਾਂਮਾਰੀ ਪ੍ਰਤੀ ਇੱਕ ਸਮੁੱਚੀ ਮਜ਼ਬੂਤ ਪ੍ਰਤੀਕਿਰਿਆ ਸੀ, ਅਤੇ ਪ੍ਰੋਵਿੰਸ਼ੀਅਲ ਹੈਲਥ ਅਫਸਰ ਵੱਲੋਂ ਸਹਿਜ ਅਤੇ ਸੂਝਵਾਨ ਤਰੀਕੇ ਨਾਲ ਕੀਤੀਆਂ ਰੋਜ਼ਾਨਾ ਪ੍ਰੈਸ ਕਾਨਫਰੰਸਾਂ ਦੁਆਰਾ ਬਣਾਏ ਗਏ ਜਨਤਕ ਭਰੋਸੇ ਨੇ ਇਸ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਬੀ.ਸੀ. ਭਰ ਵਿੱਚ ਸੂਬਾਈ ਸਰਕਾਰ ਨੂੰ ਮਿਲਿਆ ਜਨਤਕ ਸਮਰਥਨ ਕਾਫ਼ੀ ਹੱਦ ਤੱਕ ਮਜ਼ਬੂਤ ਰਿਹਾ ਹੈ, ਪਰ ਦੂਜੇ ਸੂਬਿਆਂ ਵਾਂਗ, ਸਮੇਂ ਦੇ ਨਾਲ ਇਹ ਘੱਟ ਗਿਆ ਹੈ। ਵੈਕਸੀਨ ਦੇ ਆਦੇਸ਼ਾਂ ਨਾਲ ਪ੍ਰਭਾਵਿਤ ਵੰਡ ਨੇ ਇਹ ਦਿਖਾਇਆ ਹੈ ਕਿ ਕਾਫੀ ਘੱਟ ਗਿਣਤੀ ਵਿੱਚ ਲੋਕ ਪਬਲਿਕ ਹੈਲਥ ਉਪਾਵਾਂ ਲਈ ਲਾਈਆਂ ਪਾਬੰਦੀਆਂ ਦਾ ਸਖ਼ਤੀ ਨਾਲ ਵਿਰੋਧ ਕਰ ਰਹੇ ਹਨ। ਇਹ ਜ਼ਰੂਰੀ ਹੈ ਕਿ ਭਰੋਸੇ ਨੂੰ ਦੋਬਾਰਾ ਬਰਕਰਾਰ ਕਰਨ ਦੇ ਤਰੀਕੇ ਲੱਭੇ ਜਾਣ, ਜੋ ਭਵਿੱਖ ਵਿੱਚ ਲੋੜ ਪੈਣ 'ਤੇ ਉਪਾਵਾਂ ਵਜੋਂ ਲਾਈਆਂ ਪਾਬੰਦੀਆਂ ਦੀ ਪਾਲਣਾ ਕਰਾਉਣ ਦੇ ਸਹਿਯੋਗ ਲਈ ਜ਼ਰੂਰੀ ਹੋਣਗੇ।

### ਤਿਆਰੀ

ਤਿਆਰੀ ਚੈਪਟਰ ਵਿੱਚ ਛੇ ਨਤੀਜੇ ਇਸ ਤੱਥ ਬਾਰੇ ਦੱਸਦੇ ਹਨ ਕਿ ਜ਼ਿਆਦਾਤਰ ਅਧਿਕਾਰਿਤ ਖੇਤਰਾਂ ਦੇ ਨਾਲ-ਨਾਲ, ਬੀ.ਸੀ. ਦੇ ਮਹਾਂਮਾਰੀ ਲਈ ਤਿਆਰ ਨਾ ਹੋਣ ਦੇ ਬਾਵਜੂਦ, ਸਮੁੱਚੇ ਤੌਰ 'ਤੇ ਬੀ.ਸੀ. ਦੀ ਮਹਾਂਮਾਰੀ ਪ੍ਰਤੀ ਪ੍ਰਭਾਵਸ਼ਾਲੀ ਪ੍ਰਤੀਕਿਰਿਆ ਸੀ। ਅਸੀਂ ਸੂਬੇ ਭਰ ਵਿੱਚ ਆਉਣ ਵਾਲੀਆਂ ਹੋਰ ਐਮਰਜੈਂਸੀਆਂ ਲਈ ਤਿਆਰੀ ਕਰਨ ਲਈ ਮਹਾਂਮਾਰੀ ਤੋਂ ਤਿਆਰੀ ਬਾਰੇ ਸਿੱਖੇ ਗਏ ਸਬਕਾਂ ਨੂੰ ਸਿਧਾਂਤ-ਅਧਾਰਤ ਮਿਆਰ ਵਿੱਚ ਸ਼ਾਮਲ ਕਰਨ ਦਾ ਸੁਝਾਅ ਦਿੰਦੇ ਹਾਂ। ਯੋਜਨਾਬੰਦੀ ਤਿਆਰੀ ਕਰਨ ਦਾ ਇੱਕ ਮਹੱਤਵਪੂਰਨ ਹਿੱਸਾ ਹੈ**,** ਬਸ਼ਰਤੇ ਕਿ ਇਹ ਪਹਿਲਾਂ ਤੋਂ ਮੌਜੂਦ ਕੋਔਰਡੀਨੇਸ਼ਨ ਪਲੈਨ ਨਾਲੋਂ ਕਿਤੇ ਜ਼ਿਆਦਾ ਮਸਲਿਆਂ ਨਾਲ ਨਜਿੱਠੇ**,** ਅਤੇ ਯੋਜਨਾਬੰਦੀ ਸਰਕਾਰ ਵਿੱਚ ਇੱਕ ਪ੍ਰਚੱਲਤ ਗਤੀਵਿਧੀ ਹੋਵੇ।

[2] ਇੱਕ ਸੂਬਾ-ਵਿਆਪੀ ਐਮਰਜੈਂਸੀ ਇੱਕ ਅਜਿਹੀ ਘਟਨਾ ਹੈ ਜੋ ਮਹੀਨਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਪੂਰੇ ਸੂਬੇ ਵਿੱਚ ਮਹੱਤਵਪੂਰਨ ਵਿਘਨ ਪੈਦਾ ਕਰਦੀ ਹੈ।

ਪਬਲਿਕ ਸਰਵਿਸ ਕਰਮੀਆਂ ਅਤੇ ਵਿਆਪਕ ਤੌਰ 'ਤੇ ਪਬਲਿਕ ਸੈਕਟਰ ਵਿੱਚ ਕੰਮ ਕਰਨ ਵਾਲਿਆਂ ਦੇ ਨਾਲ-ਨਾਲ ਕੰਟੱਰੈਕਟ ਵਾਲੇ ਸੇਵਾ ਕਰਮੀਆਂ ਦੁਆਰਾ ਕੀਤਾ ਗਿਆ ਕੰਮ ਅਤੇ ਉਹਨਾਂ ਵੱਲੋਂ ਦਿੱਤੀਆਂ ਸੇਵਾਵਾਂ ਬੇਮਿਸਾਲ ਸਨ, ਪਰ ਜਿਸ ਦੀ ਕੀਮਤ ਉਹਨਾਂ ਦੀ ਥਕਾਵਟ ਅਤੇ ਬਰਨ-ਆਊਟ ਦੇ ਰੂਪ ਵਿੱਚ ਅਦਾ ਕਰਨੀ ਪਈ। ਮਹਾਂਮਾਰੀ ਨੇ ਸਰਬ-ਸਰਕਾਰੀ ਪੱਧਰ ਤੇ ਸਰਕਾਰ ਦੀ ਗਹਿਰੀ ਇਕਾਗਰਤਾ ਬਣਾਈ ਰੱਖਣ ਦੀ ਸਮਰੱਥਾ ਦਾ ਇਮਤਿਹਾਨ ਲਿਆ ਹੈ। ਤਿਆਰੀ ਕਰਨ ਨਾਲ ਸਮਰੱਥਾ ਵਿੱਚ ਵਾਧਾ ਕਰਨ ਦੇ ਵਸੀਲੇ ਬਣਾਉਣੇ ਚਾਹੀਦੇ ਹਨ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਘਟਨਾਵਾਂ ਨਾਲ ਨਜਿੱਠਣ ਲਈ ਕਾਰਜਬਲ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਰਿਸ਼ਤੇ ਸਰਕਾਰੀ ਪ੍ਰਤੀਕਿਰਿਆ ਲਈ ਅਹਿਮ ਸਾਬਤ ਹੋਏ ਹਨ। ਇਸ ਲਈ ਲਗਭਗ ਹਰ ਮੰਤਰਾਲੇ ਨੇ ਹਿਤਧਾਰਕਾਂ ਨਾਲ ਮਿਟੀਂਗਾ ਕੀਤੀਆਂ, ਜਿਸ ਵਿੱਚ ਪ੍ਰੋਵਿੰਸ਼ੀਅਲ ਹੈਲਥ ਅਫਸਰ ਦੇ ਦਫ਼ਤਰ ਨਾਲ ਵੀ ਗੱਲਬਾਤ ਵੀ ਸ਼ਾਮਲ ਸੀ।

ਮਹਾਂਮਾਰੀ ਦੇ ਪੂਰੇ ਸਮੇਂ ਦੌਰਾਨ ਹਿੱਸੇਦਾਰਾਂ ਨਾਲ ਸਬੰਧ ਮਜ਼ਬੂਤ ਹੋਏ ਅਤੇ ਨਵੇਂ ਸਬੰਧ ਬਣਾਏ ਗਏ, ਜੋ ਕਿ ਉਹਨਾਂ ਦੇ ਰੋਜ਼ਾਨਾ ਦੇ ਫਾਇਦੇ ਲਈ ਅਤੇ ਭਵਿੱਖ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦੀ ਤਿਆਰੀ ਕਰਨ ਲਈ ਬਣਾਈ ਰੱਖਣੇ ਜ਼ਰੂਰੀ ਹਨ।

ਮਹਾਂਮਾਰੀ ਅਤੇ ਐਟਮੌਸਫਿਰਿਕ ਰਿਵਰ (ਵਾਯੂਮੰਡਲੀ ਨਦੀ ਜੋ ਵਾਯੂਮੰਡਲ ਵਿੱਚ ਸੰਘਣੀ ਨਮੀ ਦਾ ਇੱਕ ਤੰਗ ਲਾਂਘਾ ਹੁੰਦੀ ਹੈ) ਦੀਆਂ ਘਟਨਾਵਾਂ ਨੇ ਜ਼ਰੂਰੀ ਚੀਜ਼ਾਂ ਦੀ ਸਪਲਾਈ ਵਿੱਚ ਵਿਘਨ ਪੈਣ 'ਤੇ ਤਿਆਰ ਰਹਿਣ ਦੀ ਜ਼ਰੂਰਤ 'ਤੇ ਧਿਆਨ ਕੇਂਦਰਿਤ ਕੀਤਾ। ਨਿੱਜੀ ਸੁਰੱਖਿਆ ਉਪਕਰਨਾਂ ਦੀ ਘਾਟ ਦੀ ਪਕੜ ਵਿੱਚ ਕੇਵਲ ਬੀ.ਸੀ. ਦੇ ਅਧਿਕਾਰ ਖੇਤਰ ਹੀ ਨਹੀਂ ਸਨ ਆਏ, ਪਰ ਇਹ ਇੱਕ ਮਹੱਤਵਪੂਰਨ ਸਬਕ ਹੈ ਜੋ ਸੂਬੇ ਭਰ ਵਿੱਚ ਵਾਪਰਨ ਵਾਲੀਆਂ ਐਮਰਜੈਂਸੀਆਂ ਕਾਰਨ ਪੈਣ ਵਾਲੇ ਸਮਾਜਿਕ ਵਿਘਨਾਂ ਦਾ ਸਾਹਮਣਾ ਕਰਨ ਦੀ ਤਿਆਰੀ ਕਰਨ ਲਈ ਅਕਸਰ ਵਰਤਿਆ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ, ਬੀ.ਸੀ. ਨੂੰ ਇਹ ਸਮਝਣ ਵਿੱਚ ਕਮੀ ਸੀ ਕਿ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਵਿੱਚ ਆਪਸੀ ਤਾਲਮੇਲ ਕਿਵੇਂ ਹੁੰਦਾ ਹੈ, ਅਤੇ ਇਸ ਚੀਜ਼ ਬਾਰੇ ਕਿ ਵੱਡੀ ਮਾਤਰਾ ਵਿੱਚ ਸਮਾਜਿਕ ਸਹਾਇਤਾ ਸਰਕਾਰ ਦੁਆਰਾ ਫੰਡ ਕੀਤੇ ਪ੍ਰੋਗਰਾਮਾਂ ਤੋਂ ਬਾਹਰੋਂ ਮਿਲਦੀ ਹੈ। ਉਹ ਸੇਵਾਵਾਂ ਰੋਕਣ ਨਾਲ ਵੀ ਉਹਨਾਂ ਲੋਕਾਂ ਨੂੰ ਨੁਕਸਾਨ ਪਹੁੰਚਿਆ ਜਿਹੜੇ ਸੰਭਾਵੀ ਤੌਰ 'ਤੇ ਮਹਾਂਮਾਰੀ ਦੁਆਰਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੇ ਹਨ, ਜਿਨ੍ਹਾਂ ਵਿੱਚ ਬਹੁਤ ਸਾਰੇ ਇੰਡੀਜਨਸ ਲੋਕ ਵੀ ਸ਼ਾਮਲ ਹਨ ਜੋ ਰਿਜ਼ਰਵ ਤੋਂ ਬਾਹਰ ਰਹਿ ਰਹੇ ਹਨ। ਸੋਸ਼ਲ ਸਪਲਾਈ ਚੇਨ ਨੂੰ ਸਮਝਣਾ ਅਤੇ ਸੋਸ਼ਲ ਸਪਲਾਈ ਚੇਨ 'ਤੇ ਸਿਸਟਮ-ਵਿਆਪਕ ਨਜ਼ਰ ਮਾਰਨੀ, ਤਿਆਰੀ ਕਰਨ ਦਾ ਹਿੱਸਾ ਹੋਣਾ ਚਾਹੀਦਾ ਹੈ।

**ਫੈਸਲਾ ਲੈਣਾ**

ਮਹਾਂਮਾਰੀ ਪ੍ਰਤੀਕਿਰਿਆ ਦੇ ਦੌਰਾਨ ਫੈਸਲੇ ਲੈਣ ਦੀ ਸਾਡੀ ਜਾਂਚ-ਪੜਤਾਲ ਉਸ ਮਿਆਰ ਤੋਂ ਉਲਟ ਸੀ ਜਿਸ ਨੂੰ ਅਸੀਂ "ਸੂਚਿਤ ਫੈਸਲੇ" ਕਹਿੰਦੇ ਹਾਂ**,** ਜਿਸ ਦੇ ਮਤਿਹਤ ਸਭ ਤੋਂ ਵਧੀਆ ਉਪਲਬਧ ਜਾਣਕਾਰੀ ਦੀ ਵਰਤੋਂ ਇੱਕ ਪ੍ਰਕਿਰਿਆ ਦੁਆਰਾ ਉਪਲਬਧ ਉਸ ਸਮੇਂ ਵਿੱਚ ਕੀਤੀ ਜਾਂਦੀ ਹੈ ਜਦੋਂ ਇੱਕ ਸਪਸ਼ਟ ਉਦੇਸ਼ ਅਤੇ ਸੋਚ-ਵਿਚਾਰ ਸਾਹਮਣੇ ਹੋਵੇ, ਅਤੇ ਉਸ ਦੀ ਵਰਤੋਂ ਕਿਨ੍ਹਾਂ ਲੋਕਾਂ ਲਈ ਹੈ, ਅਤੇ ਜਿਹੜੇ ਫੈਸਲੇ ਵਿਕਲਪਾਂ ਦੇ ਵਿਸ਼ਲੇਸ਼ਣ ਅਤੇ ਉਹਨਾਂ ਦੇ ਪ੍ਰਭਾਵਾਂ ਦੇ ਸੰਤੁਲਨ ਨੂੰ ਸਮਝਦੇ ਹੋਏ ਲਏ ਜਾਂਦੇ ਹਨ। ਮਹਾਂਮਾਰੀ ਦੇ ਦੌਰਾਨ, ਜਦੋਂ ਲੋਕਾਂ ਲਈ ਅਨਿਸ਼ਚਿਤਤਾ**,** ਤੀਬਰਤਾ ਅਤੇ ਉਹਨਾਂ ਤੋਂ ਹੋਣ ਵਾਲੇ ਅਸਰ, ਸਭ ਕੁੱਝ ਵਧ ਗਿਆ ਹੁੰਦਾ ਹੈ, ਖਾਸ ਤੌਰ 'ਤੇ ਉਸ ਵੇਲੇ ਸੂਚਿਤ ਫੈਸਲਾ ਲੈਣਾ ਚੁਣੌਤੀਪੂਰਨ ਹੁੰਦਾ ਹੈ। ਸਰਕਾਰੀ ਪ੍ਰਤੀਕਿਰਿਆ ਦਾ ਇਹ ਮਿਆਰ ਆਮ ਤੌਰ 'ਤੇ ਸਾਰੇ ਸਮੇਂ ਦੌਰਾਨ ਪੂਰਾ ਹੁੰਦਾ ਰਿਹਾ। ਪਬਲਿਕ ਹੈਲਥ ਦੇ ਫੈਸਲਿਆਂ ਨੂੰ ਬਹੁਤ ਸਾਰੇ ਲੋਕਾਂ ਨੇ ਜਿਵੇਂ ਸਮਝਿਆ, ਉਸ ਨਾਲੋਂ ਬਿਹਤਰ ਤਰੀਕੇ ਨਾਲ ਲਿਆ ਗਿਆ ਸੀ, ਖਾਸ ਤੌਰ 'ਤੇ ਬਿਮਾਰੀ ਕਾਰਨ ਹੋਣ ਵਾਲੇ ਨੁਕਸਾਨਾਂ ਅਤੇ ਪਾਬੰਦੀਆਂ ਵਾਲੇ ਰਵੱਈਏ ਨਾਲ ਹੋਣ ਵਾਲੇ ਸਮਾਜਿਕ ਅਤੇ ਆਰਥਿਕ ਅਸਰਾਂ ਨੂੰ ਸੰਤੁਲਿਤ ਰੱਖਣਾ। ਭਾਵੇਂ, ਬਾਕੀ ਦੀ ਸਰਕਾਰ ਨੇ ਵੀ ਮਹਾਂਮਾਰੀ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਕੰਮ ਕੀਤਾ, ਪਰ ਪਬਲਿਕ ਹੈਲਥ ਦੇ ਫੈਸਲੇ ਸਮੇਂ ਸਿਰ ਸਨ ਅਤੇ ਸਪਸ਼ਟ ਉਦੇਸ਼ ਵਾਲੇ ਸਨ।

ਹਾਲਾਂਕਿ, ਕਿਸੇ ਵੀ ਕਿਸਮ ਦੇ ਫੈਸਲੇ ਨੇ ਉਸ ਦੇ ਪ੍ਰਭਾਵ ਅਤੇ ਉਸ ਦੀ ਅਸਥਿਰਤਾ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਨਹੀਂ ਰੱਖਿਆ। ਅਸੀਂ ਬਿਹਤਰ ਫੈਸਲੇ ਲੈਣ ਦੀਆਂ ਪ੍ਰਕਿਰਿਆਵਾਂ ਨਾਲ ਸਬੰਧਤ ਪੰਜ ਖਾਸ ਨਤੀਜਿਆਂ ਤੇ ਪਹੁੰਚੇ ਹਾਂ।

ਮਹਾਂਮਾਰੀ ਤੋਂ ਪਹਿਲਾਂ, ਇਹ ਧਾਰਨਾ ਸੀ ਕਿ ਜਿਹੜੀ ਪਹੁੰਚ ਐਮਰਜੈਂਸੀ ਮੈਨੇਜਮੈਂਟ ਲਈ ਆਮ ਤੌਰ 'ਤੇ ਮੁਸ਼ਕਲ ਸਮੇਂ ਦੌਰਾਨ, ਜਿਵੇਂ ਕਿ ਜੰਗਲੀ ਅੱਗ ਅਤੇ ਹੜ੍ਹਾਂ ਲਈ ਵਰਤੀ ਜਾਂਦੀ ਸੀ, ਉਹੀ ਪਹੁੰਚ ਇਸ ਵੇਲੇ ਸਰਕਾਰੀ ਪ੍ਰਤੀਕਿਰਿਆਵਾਂ ਦੇ ਤਾਲਮੇਲ ਲਈ ਵਰਤੀ ਜਾਵੇਗੀ। ਪਰ ਅਸਲ ਵਿੱਚ, ਸਰਕਾਰ ਨੇ ਸੰਕਟਕਾਲ ਵੇਲੇ ਵਰਤੇ ਜਾਣ ਵਾਲੇ ਪ੍ਰਬੰਧਨ ਦੀ ਪਹੁੰਚ ਵਰਤੀ ਜਿਸ ਵਿੱਚ ਕੁੱਝ ਸੀਨੀਅਰ ਅਧਿਕਾਰੀਆਂ ਦੇ ਸਹਿਯੋਗ ਨਾਲ ਕੈਬਿਨੇਟ ਮੈਂਬਰਾਂ ਦੀ ਇੱਕ ਟੋਲੀ ਨੇ ਮਹਾਂਮਾਰੀ ਦੇ ਸ਼ੁਰੂਆਤੀ ਪੜਾਅ ਵਿੱਚ ਹੀ ਸਰਕਾਰੀ ਤਰਜੀਹਾਂ ਨਿਰਧਾਰਤ ਕਰ ਦਿੱਤੀਆਂ। ਸਰਕਾਰ ਭਰ ਵਿੱਚ ਸੇਵਾਵਾਂ ਪ੍ਰਦਾਨ ਕਰਨ ਵਿੱਚ ਪਏ ਵਿਘਨ ਨੂੰ ਬਿਜ਼ਨਸ ਕੋਂਟੀਨਿਉਇਟੀ ਮੈਨੇਜਮੈਂਟ ਪਹੁੰਚ ਨਾਲ ਸੰਬੋਧਿਤ ਕੀਤਾ ਗਿਆ ਸੀ, ਅਤੇ ਐਮਰਜੈਂਸੀ ਮੈਨੇਜਮੈਂਟ ਪਹੁੰਚ ਨੂੰ ਸਿਰਫ਼ ਕੁੱਝ ਖਾਸ ਮੁੱਦਿਆਂ, ਜਿਵੇਂ ਕਿ ਸੰਚਾਰ ਦੇ ਤਾਲਮੇਲ ਅਤੇ ਬਾਰਡਰ 'ਤੇ ਕਾਨੂੰਨੀ ਪਹਿਲਕਦਮੀਆਂ ਨੂੰ ਲਾਗੂ ਕਰਨ ਲਈ ਵਰਤਿਆ ਗਿਆ ਸੀ। ਇਹ ਸੱਚਾਈ, ਕਿ ਇਹ ਤਿੰਨੋਂ ਪਹੁੰਚਾਂ ਲਾਭਦਾਇਕ ਹਨ, ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਲਈ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਵਿੱਚ ਵਰਤੀਆਂ ਜਾਣੀਆਂ ਚਾਹੀਦੀਆਂ ਹਨ।

ਮੈਨੇਜਮੈਂਟ ਪਹੁੰਚਾਂ ਅਸਰਦਾਰ ਸਨ, ਬੇਸ਼ੱਕ ਇਹ ਗੈਰ-ਯੋਜਨਾਬੱਧ ਸਨ, ਪਰ ਇਹਨਾਂ ਨੇ ਇੱਕ ਵਿੱਥ ਪੈਦਾ ਕਰ ਦਿੱਤੀ। ਮਹਾਂਮਾਰੀ ਦੀ ਯੋਜਨਾ ਦਾ ਇੱਕੋ ਇੱਕ ਕੰਮ - ਇੱਕ ਸਰਬ-ਸਰਕਾਰੀ ਪ੍ਰਤੀਕਿਰਿਆ ਦੇ ਤਾਲਮੇਲ ਨੂੰ ਸੰਬੋਧਿਤ ਕਰਨਾ ਸੀ ਜੋ ਪੂਰੀ ਮਹਾਂਮਾਰੀ ਦੇ ਦੌਰਾਨ ਉਚਿਤ ਰੂਪ ਵਿੱਚ ਸੰਬੋਧਿਤ ਨਹੀਂ ਕੀਤਾ ਗਿਆ ਸੀ। ਨਤੀਜੇ ਵਜੋਂ, ਅੰਦਰੂਨੀ ਅਤੇ ਬਾਹਰੀ ਅੜਚਨਾਂ ਨੂੰ ਸਮਝਣ ਅਤੇ ਹੱਲ ਕਰਨ ਵਿੱਚ ਮੁਸ਼ਕਲਾਂ ਆਈਆਂ। ਅਸੀਂ ਸੁਝਾਅ ਦਿੰਦੇ ਹਾਂ ਕਿ ਐਮਰਜੈਂਸੀ ਮੈਨੇਜਮੈਂਟ ਬੀ ਸੀ ਨੂੰ ਤਿਆਰੀ ਕਰਨ ਦੇ ਤਾਲਮੇਲ ਸਮੇਤ ਜਵਾਬਦੇਹੀ ਦੇ ਤਾਲਮੇਲ ਦੀ ਜ਼ਿੰਮੇਵਾਰੀ ਵੀ ਸੌਂਪੀ ਜਾਵੇ। ਇਸ ਲਈ ਸੂਬੇ ਭਰ ਵਿੱਚ ਐਮਰਜੈਂਸੀ ਦੇ ਸਮੇਂ ਆਪਣੀ ਵੈਧਤਾ ਨੂੰ ਵਧਾਉਣ ਲਈ ਤਾਲਮੇਲ ਕਰਨ ਵਾਲੀ ਕੇਂਦਰੀ ਏਜੰਸੀ ਦੀ ਲੋੜ ਹੋਵੇਗੀ।

ਮਹਾਂਮਾਰੀ ਦੇ ਦੌਰਾਨ, ਲਾਜ਼ਮੀ ਤੌਰ 'ਤੇ, ਬਹੁਤ ਸਾਰੇ ਅਣਇੱਛਤ ਨਤੀਜੇ ਸਾਹਮਣੇ ਆਏ ਸਨ, ਜੋ ਹਮੇਸ਼ਾ ਦੀ ਤਰ੍ਹਾਂ ਕਾਰੋਬਾਰ ਨੂੰ ਬਿਹਤਰ ਬਣਾਉਣ ਲਈ ਭਵਿੱਖ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਲਈ ਬਹੁਮੁੱਲਾ ਸਬਕ ਸਿਖਾ ਸਕਦੇ ਹਨ। ਅਸੀਂ ਸੁਝਾਅ ਦਿੰਦੇ ਹਾਂ ਕਿ ਇਹਨਾਂ ਸਬਕਾਂ ਨੂੰ ਸਿੱਖਣ ਅਤੇ ਲਾਗੂ ਕਰਨ ਲਈ ਕੇਸ ਸਟੱਡੀਜ਼ ਰਾਹੀਂ ਯਤਨ ਕੀਤੇ ਜਾ ਸਕਦੇ ਹਨ।

ਬਹੁਤ ਸਾਰੇ ਲੋਕ ਇਹ ਨਹੀਂ ਸਮਝਦੇ ਜਾਂ ਮੰਨਦੇ ਕਿ ਪਬਲਿਕ ਹੈਲਥ ਦੇ ਫੈਸਲੇ ਲੈਣ ਵੇਲੇ ਕਈ ਪਹਿਲੂਆਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ, ਖਾਸ ਤੌਰ 'ਤੇ ਪਬਲਿਕ ਹੈਲਥ ਦੀਆਂ ਪਾਬੰਦੀਆਂ ਨਾਲ ਸਮਾਜ ਅਤੇ ਲੋਕਾਂ ਦੇ ਆਪਸੀ ਸਬੰਧਾਂ 'ਤੇ, ਆਰਥਿਕਤਾ 'ਤੇ ਅਤੇ ਆਬਾਦੀ ਦੀ ਸਮੁੱਚੀ ਸਿਹਤ ਦੇ ਪਹਿਲੂ 'ਤੇ ਪੈਣ ਵਾਲੇ ਅਸਰ। ਇਸ ਤੋਂ ਇਲਾਵਾ, ਇਸ ਬਾਰੇ ਵੀ ਚਿੰਤਾਵਾਂ ਜ਼ਾਹਰ ਕੀਤੀਆਂ ਗਈਆਂ ਸਨ ਕਿ ਕੀ ਫੈਸਲੇ ਵਿਗਿਆਨਕ ਸਬੂਤਾਂ ਦੇ ਆਧਾਰ 'ਤੇ ਜਾਂ ਉਹਨਾਂ ਦੀ ਪਾਲਣਾ ਕਰਦੇ ਹੋਏ ਕੀਤੇ ਗਏ ਸਨ। ਵਿਗਿਆਨ ਸਿਰਫ ਇੱਕ ਪਹਿਲੂ ਹੈ ਜੋ ਪਬਲਿਕ ਹੈਲਥ ਦੇ ਫੈਸਲੇ ਲੈਣ ਵਿੱਚ ਸਹਾਇਕ ਹੈ, ਅਤੇ ਮਹਾਂਮਾਰੀ ਦੇ ਦੌਰਾਨ ਲੋੜੀਂਦੇ ਵਿਗਿਆਨਕ ਗਿਆਨ ਨੇ ਤੇਜ਼ੀ ਨਾਲ ਤਰੱਕੀ ਕੀਤੀ। ਅਸੀਂ ਸੁਝਾਅ ਦਿੰਦੇ ਹਾਂ ਕਿ ਫੈਸਲੇ ਲੈਣ ਦੀ ਪ੍ਰਕਿਰਿਆ ਅਤੇ ਇਹਨਾਂ ਨੂੰ ਲਾਗੂ ਕਰਨ ਬਾਰੇ ਵਧੇਰੇ ਪਾਰਦਰਸ਼ਤਾ, ਇਹਨਾਂ ਕਾਰਨ ਪੈਦਾ ਹੋਈਆਂ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੀ ਹੈ। ਇਸ ਵਿੱਚ ਪਬਲਿਕ ਹੈਲਥ ਅਫਸਰ ਅਤੇ ਪਬਲਿਕ ਹੈਲਥ ਬਾਰੇ ਫੈਸਲਿਆਂ ਦਾ ਸਮਰਥਨ ਕਰਨ ਲਈ ਇੱਕ ਜਾਂ ਇੱਕ ਤੋਂ ਵੱਧ ਉਚੇਚੇ ਸਲਾਹਕਾਰੀ ਗਰੁੱਪ ਬਣਾਏ ਜਾ ਸਕਦੇ ਹਨ।

ਮਹਾਂਮਾਰੀ ਬਾਰੇ ਡੇਟਾ, ਸਹੀ ਮਾਇਨੇ ਵਿੱਚ, ਪਬਲਿਕ ਹੈਲਥ ਦੇ ਫੈਸਲਿਆਂ ਅਤੇ ਹੈਲਥ-ਕੇਅਰ ਸਿਸਟਮ ਦੇ ਪ੍ਰਬੰਧਨ ਬਾਰੇ ਫੈਸਲਿਆਂ ਲਈ ਇੱਕ ਮੁੱਖ ਸ੍ਰੋਤ ਸੀ। ਪਰ ਪਬਲਿਕ ਹੈਲਥ ਦੇ ਫੈਸਲੇ ਲੈਣ ਵਾਲਿਆਂ ਦੁਆਰਾ ਉਸ ਡੇਟਾ ਤੱਕ ਪਹੁੰਚ ਵਿੱਚ ਹਸਪਤਾਲਾਂ ਅਤੇ ਸਿਹਤ ਅਥਾਰਟੀਆਂ ਦੁਆਰਾ ਵਰਤੇ ਜਾਣ ਵਾਲੇ ਇੰਫੋਰਮੇਸ਼ਨਤਕਨਾਲੋਜੀ ਸਿਸਟਮ ਦੁਆਰਾ ਏਕੀਕ੍ਰਿਤ ਅਤੇ ਇਕੱਠੇ ਕੰਮ ਨਾ ਕੀਤੇ ਜਾਣ ਕਾਰਨ ਰੁਕਾਵਟ ਆਈ। ਨਿੱਜੀ ਸੁਰੱਖਿਆ ਉਪਕਰਣਾਂ ਦੀਆਂ ਵਸਤੂਆਂ ਬਾਰੇ ਜਾਣਕਾਰੀ ਮੌਜੂਦ ਨਹੀਂ ਸੀ ਅਤੇ ਹਸਪਤਾਲ ਵਿੱਚ ਦਾਖਲੇ ਦੇ ਡੇਟਾ ਨੂੰ ਹੱਥੀਂ ਏਕੀਕ੍ਰਿਤ ਕਰਨ ਦੀ ਜ਼ਰੂਰਤ ਨੇ ਲੰਬੇ ਸਮੇਂ ਤੋਂ ਚੱਲ ਰਹੇ ਮੁੱਦਿਆਂ ਨੂੰ ਉਜਾਗਰ

ਕੀਤਾ ਜੋ ਦਹਾਕਿਆਂ ਤੋਂ ਹੱਲ ਲਈ ਰੋਧਕ ਸਾਬਤ ਹੋਏ ਹਨ। ਫਿਰ ਵੀ, ਅਸੀਂ ਸੁਝਾਅ ਦਿੰਦੇ ਹਾਂ ਕਿ ਸਰਕਾਰ ਦੁਬਾਰਾ ਵਿਚਾਰ ਕਰੇ ਕਿ ਇਸ ਸਮੱਸਿਆ ਨੂੰ ਕਿਵੇਂ ਹੱਲ ਕਰਨਾ ਹੈ।

**ਸੰਚਾਰ**

ਜ਼ਿਆਦਾਤਰ ਸਰਕਾਰੀ ਸੰਚਾਰ ਸਿੱਧੇ ਅਤੇ ਸਾਫ਼ ਸ਼ਬਦਾਂ ਵਿੱਚ, ਸਪੱਸ਼ਟ, ਸੱਭਿਆਚਾਰਕ ਤੌਰ 'ਤੇ ਢੁਕਵੇਂ, ਅਤੇ ਸਮੇਂ ਸਿਰ ਸਨ, ਜੋ ਸਾਡੀ ਉਮੀਦ ਅਨੁਸਾਰ ਸੰਚਾਰ ਦੇ ਮਿਆਰ ਲਈ ਢੁਕਵੇਂ ਤੱਤ ਹਨ। ਪਰ ਸੰਚਾਰ ਵਿੱਚ ਹੋਰ ਸੁਧਾਰ ਕੀਤਾ ਜਾ ਸਕਦਾ ਸੀ। ਅਸੀਂ ਸੰਚਾਰ ਨਾਲ ਸਬੰਧਤ ਚਾਰ ਨਤੀਜਿਆਂ 'ਤੇ ਪਹੁੰਚੇ ਹਾਂ।

ਸਮੁੱਚੇ ਤੌਰ 'ਤੇ, ਮੁੱਖ ਏਜੰਸੀਆਂ ਦੀਆਂ ਭੂਮਿਕਾਵਾਂ ਦਰਸਾਉਣ ਵਾਲੀ ਇੱਕ ਵਿਆਪਕ ਸੰਚਾਰ ਰਣਨੀਤੀ ਦੀ ਘਾਟ ਸੀ, ਜਿਹੜੀ ਘਟਨਾ ਦਾ ਸਾਹਮਣਾ ਕਰਨ ਵੇਲੇ ਸੰਚਾਰ ਦੇ ਤਰੀਕੇ ਨੂੰ ਬਦਲਣ ਦੀ ਉਮੀਦ ਕਰਦੀ। ਉਹਨਾਂ ਏਜੰਸੀਆਂ ਵਿੱਚ ਸ਼ਾਮਿਲ ਹਨ – ਪ੍ਰੋਵਿੰਸ਼ੀਆਲ ਹੈਲਥ ਅਫਸਰ, ਗਵਰਨਮੈਂਟ ਕਮਿਊਨੀਕੇਸ਼ੰਜ਼ ਐਂਡ ਪਬਲਿਕ ਇੰਗੇਜਮੇਂਟ, ਮੰਤਰਾਲੇ, ਅਤੇ ਐਮਰਜੈਂਸੀ ਮੈਨੇਜਮੈਂਟ ਬੀ ਸੀ। ਇਹ ਤਿਆਰੀ ਦਾ ਹਿੱਸਾ ਹੋਣਾ ਚਾਹੀਦਾ ਹੈ।

ਇੱਕ ਹੋਰ ਖਾਸ ਨਤੀਜਾ ਇਸ ਤੱਥ ਨਾਲ ਸਬੰਧਤ ਹੈ ਕਿ ਉੱਚ ਪੱਧਰੀ ਅਨਿਸ਼ਚਿਤਤਾ ਅਤੇ ਮਹਾਂਮਾਰੀ ਨਾਲ ਸਬੰਧਤ ਹਾਲਾਤਾਂ ਵਿੱਚ ਲਗਾਤਾਰ ਹੋ ਰਹੇ ਬਦਲਾਵਾਂ ਦੇ ਕਾਰਨ ਸੰਚਾਰ ਨੂੰ ਸਮੇਂ ਦੇ ਨਾਲ ਬਦਲਣ ਦੀ ਲੋੜ ਸੀ। ਜਨਤਾ ਸਿਰਫ਼ ਨਿਸ਼ਚਿਤਤਾ ਚਾਹੁੰਦੀ ਸੀ ਅਤੇ ਲਗਾਤਾਰ ਬਦਲਾਅ ਲਈ ਤਿਆਰ ਨਹੀਂ ਸੀ। ਇਸ ਦੇ ਨਤੀਜੇ ਵਜੋਂ, ਕਈ ਲੋਕਾਂ ਨੇ ਦਿਸ਼ਾ ਨਿਰਦੇਸ਼ ਵਿੱਚ ਕੀਤੇ ਗਏ ਬਦਲਾਅ ਨੂੰ ਪਹਿਲਾਂ ਕੀਤੀਆਂ ਗਈਆਂ ਗਲਤੀਆਂ ਦਾ ਪ੍ਰਮਾਣ ਸਮਝ ਲਿਆ, ਇਸ ਨਾਲ ਲੋਕਾਂ ਦੇ ਭਰੋਸੇ ਨੂੰ ਨੁਕਸਾਨ ਪਹੁੰਚਿਆ। ਅਨਿਸ਼ਚਿਤਤਾ ਅਤੇ ਲਗਾਤਾਰ ਹੋ ਰਹੇ ਬਦਲਾਅ ਲਈ ਸਹਿਣਸ਼ੀਲਤਾ ਪੈਦਾ ਕਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਬਹੁਤ ਸਾਰੇ ਲੋਕਾਂ ਨੂੰ ਇਹ ਸਮਝ ਨਹੀਂ ਸੀ ਕਿ ਇਹ ਫੈਸਲੇ ਕਿਉਂ ਲਏ ਗਏ ਸਨ, ਜਿਸ ਨਾਲ ਅਵਿਸ਼ਵਾਸ ਅਤੇ ਗਲਤ ਜਾਣਕਾਰੀ ਦੀ ਇੱਕ ਵਿੱਥ ਵਾਲੀ ਸਥਿਤੀ ਬਣ ਗਈ। ਬਿਹਤਰ ਸਪੱਸ਼ਟੀਕਰਨ ਇਸ ਚਿੰਤਾ ਨੂੰ ਦੂਰ ਕਰਨ ਵਿੱਚ ਮਦਦ ਕਰਨਗੇ।

ਇੱਕ ਹੋਰ ਖਾਸ ਖੇਤਰ ਜਿੱਥੇ ਲੋਕ ਵਧੇਰੇ ਜਾਣਕਾਰੀ ਚਾਹੁੰਦੇ ਸਨ, ਉਹ ਸੀ ਛੋਟੇ ਭੂਗੋਲਿਕ ਖੇਤਰਾਂ ਲਈ ਮਹਾਂਮਾਰੀ ਬਾਰੇ ਸਥਾਨਕ ਡੇਟਾ ਬਾਰੇ ਜਾਨਣਾ। ਗੋਪਨੀਯਤਾ ਬਾਰੇ ਸੋਚਣਾ ਵਾਜਬ ਹੈ, ਉਹਨਾਂ ਨੂੰ ਨਿਰਧਾਰਤ ਕਰਨ ਵੇਲੇ ਇਹ ਵਿਚਾਰਿਆ ਜਾਣਾ ਜ਼ਰੂਰੀ ਹੈ ਕਿ ਕਿਹੜਾ ਡੇਟਾ ਉਪਲਬਧ ਕਰਵਾਇਆ ਜਾ ਸਕਦਾ ਹੈ, ਪਰ ਬੀ.ਸੀ. ਨੇ ਖਾਸ ਕਰਕੇ ਓਨਟਾਰੀਓ ਅਤੇ ਐਲਬਰਟਾ ਦੇ ਮੁਕਾਬਲੇ, ਅਜਿਹੀ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨ ਵਿੱਚ ਦੇਰੀ ਕਰ ਦਿੱਤੀ ਜਿਸ ਨਾਲ ਚਿੰਤਾਵਾਂ ਵਿੱਚ ਵਾਧਾ ਹੋਇਆ। ਗੋਪਨੀਯਤਾ/ਪਾਰਦਰਸ਼ਤਾ ਵਿੱਚੋਂ ਚੋਣ ਕਰਨ ਬਾਰੇ ਵਧੇਰੇ ਪਾਰਦਰਸ਼ਤਾ ਇਸ ਚਿੰਤਾ ਨੂੰ ਦੂਰ ਕਰਨ ਵਿੱਚ ਮਦਦ ਕਰੇਗੀ।

**ਲਾਗੂਕਰਨ**

ਲਾਗੂਕਰਨ ਮਹਾਂਮਾਰੀ ਦੀ ਪ੍ਰਤਿਕਿਰਿਆ ਵਿੱਚ ਸਰਕਾਰ ਦੀਆਂ ਕਾਰਜਸ਼ੀਲ ਕਾਰਵਾਈਆਂ ਨੂੰ ਦਰਸਾਉਂਦਾ ਹੈ। ਇਸ ਨੂੰ ਉਦੇਸ਼ਾਂ ਦੇ ਮੁਕਾਬਲੇ ਨਤੀਜਿਆਂ ਲਈ ਸਰੋਤਾਂ (ਲੋਕ ਅਤੇ ਫੰਡਿੰਗ), ਕਾਨੂੰਨੀ ਅਧਿਕਾਰ ਅਤੇ ਜਵਾਬਦੇਹੀ ਦੀ ਲੋੜ ਹੁੰਦੀ ਹੈ। ਸੇਵਾ ਪ੍ਰਦਾਨ ਕਰਨ ਅਤੇ ਮਹਾਂਮਾਰੀ ਕਾਰਨ ਪਏ ਵਿਘਨ ਦੀ ਜਵਾਬੀ ਕਾਰਵਾਈ ਲਈ ਸਾਰੀਆਂ ਸਰਕਾਰਾਂ ਦੇ ਯਤਨਾਂ ਨੇ ਇੱਕ ਫੁਰਤੀ ਅਤੇ ਔਖੇ ਸਮੇਂ ਵਿੱਚ ਮੁੜ ਉੱਭਰਨ ਦੀ ਸ਼ਕਤੀ ਦਿਖਾਈ, ਜੋ ਮਹਾਂਮਾਰੀ ਪ੍ਰਤੀਕ੍ਰਿਆ ਲਈ ਇੱਕ ਵੱਡੀ ਸਫਲਤਾ ਸੀ। ਉਸ ਸਮੇਂ ਜੋ ਵੀ ਕਰਨ ਦੀ ਲੋੜ ਸੀ ਉਹ ਕਰਨ ਲਈ ਜਨਤਕ ਸੇਵਾਵਾਂ ਨੇ ਇਕੱਠੇ ਹੋ ਕੇ ਕੰਮ ਕੀਤਾ। ਜਦੋਂ ਆਮ ਸਥਿਤੀ ਵਾਪਸ ਵੀ ਆ ਜਾਂਦੀ ਹੈ, ਜਨਤਕ ਸੇਵਾ ਵਿੱਚ ਬਹੁਤ ਸਾਰੇ ਲੋਕ ਉਸ ਭਾਵਨਾ ਨੂੰ ਹਮੇਸ਼ਾ ਲਈ ਵਧੀਆ ਬਣਾਏ ਰੱਖਣਾ ਚਾਹੁੰਦੇ ਹਨ। ਫਿਰ ਵੀ, ਕਈ ਅਜਿਹੇ ਖੇਤਰ ਹਨ ਜਿੱਥੇ ਮਹਾਂਮਾਰੀ ਦੀ ਪ੍ਰਤੀਕ੍ਰਿਆ ਤੋਂ ਸਿੱਖੇ ਸਬਕ ਭਵਿੱਖ ਵਿੱਚ ਲਾਗੂ ਕੀਤੇ ਜਾ ਸਕਦੇ ਹਨ। ਨਤੀਜੇ ਵਜੋਂ ਲਾਗੂ ਕਰਨ ਵਾਲੇ ਚੈਪਟਰ ਵਿੱਚ ਛੇ ਨਤੀਜੇ ਮਿਲੇ ਹਨ।

ਜਦੋਂ ਪਬਲਿਕ ਹੈਲਥ ਬਾਰੇ ਫੈਸਲੇ ਲੈਣ ਦੀ ਪ੍ਰਕਿਰਿਆ ਮਜ਼ਬੂਤ ਸੀ, ਪਬਲਿਕ ਹੈਲਥ ਦੇ ਆਦੇਸ਼ਾਂ ਨੂੰ ਬਿਹਤਰ ਢੰਗ ਨਾਲ ਲਾਗੂ ਕੀਤਾ ਜਾ ਸਕਦਾ ਸੀ। ਮਹਾਂਮਾਰੀ ਦੇ ਸ਼ੁਰੂ ਵਿੱਚ, ਤਤਕਾਲਤਾ, ਅਨਿਸ਼ਚਿਤਤਾ, ਅਤੇ ਤਬਦੀਲੀ ਲਿਆਉਣ ਦੀ ਤੀਬਰਤਾ ਲਈ ਰੋਜ਼ਾਨਾ ਪ੍ਰੈਸ ਬ੍ਰੀਫਿੰਗਾਂ ਦੌਰਾਨ ਪੋਡੀਅਮ ਤੋਂ ਨੀਤੀਗਤ ਘੋਸ਼ਣਾਵਾਂ ਕਰਨ ਦੀ ਲੋੜ ਸੀ, ਫੇਰ ਬਾਅਦ ਵਿੱਚ ਲਿਖਤੀ ਆਦੇਸ਼ ਦਿੱਤੇ ਗਏ। ਪਰ ਜਿਵੇਂ-ਜਿਵੇਂ ਇਹ ਤੀਬਰਤਾ ਘਟਦੀ ਗਈ, ਅਤੇ ਪਬਲਿਕ ਹੈਲਥ ਬਾਰੇ ਪ੍ਰਤੀਕਿਰਿਆਵਾਂ ਖਾਸ ਮੁੱਦਿਆਂ 'ਤੇ ਕੇਂਦ੍ਰਿਤ ਹੁੰਦੀਆਂ ਗਈਆਂ, ਫੇਰ ਵੀ ਮਾਰਗਦਰਸ਼ਨ ਕਰਦੇ ਰਹਿਣਾ ਜਾਰੀ ਰਿਹਾ। ਉੱਪਰ ਨੋਟ ਕੀਤੇ ਗਏ ਸਪੱਸ਼ਟੀਕਰਨ ਦੀ ਘਾਟ ਤੋਂ ਇਲਾਵਾ, ਬਿਨਾਂ ਕਿਸੇ ਨੋਟਿਸ ਦੇ, ਲਿਖਤੀ ਸਮੱਗਰੀ ਦੇ, ਅਤੇ ਲੋੜੀਂਦੇ ਯਤਨਾਂ ਦੇ ਬਿਨਾਂ ਪ੍ਰਭਾਵਿਤ ਲੋਕਾਂ ਤੋਂ ਇਸ ਦੇ ਅਸਰ ਬਾਰੇ ਪਹਿਲਾਂ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਆਦੇਸ਼ ਜਾਰੀ ਕੀਤੇ ਜਾਂਦੇ ਰਹੇ। ਇਹਨਾਂ ਸਭ ਨੀਤੀਗਤ ਘੋਸ਼ਣਾਵਾਂ ਕਰਨ ਦੀ ਸਰਕਾਰ ਤੋਂ ਉਮੀਦ ਕੀਤੀ ਜਾਂਦੀ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ ਪ੍ਰੋਵਿੰਸ਼ੀਅਲ ਹੈਲਥ ਅਫਸਰ ਦਾ ਦਫਤਰ ਉਹਨਾਂ ਵੱਲੋਂ ਦਿੱਤੇ ਗਏ ਸਾਰੇ ਆਰਡਰਾਂ ਦੇ ਰੋਲਆਉਟ ਅਭਿਆਸਾਂ ਦੀ ਸਮੀਖਿਆ ਕਰੇ।

ਮਹਾਂਮਾਰੀ ਇਸ ਬਾਰੇ ਹੋਰ ਜਾਣਨ ਦਾ ਮੌਕਾ ਪ੍ਰਦਾਨ ਕਰਦੀ ਹੈ ਕਿ ਪਬਲਿਕ ਹੈਲਥ ਐਮਰਜੈਂਸੀ ਦੌਰਾਨ ਸਭ ਤੋਂ ਵਧੀਆ ਜਨਤਕ ਸਿਹਤ ਉਪਾਵਾਂ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ ਉਹਨਾਂ ਸਬਕਾਂ ਦੀ ਇਸ ਗੱਲ ਦੀ ਸਮੀਖਿਆ ਦੁਆਰਾ ਸੰਭਾਲ ਕੀਤੀ ਜਾਵੇ ਕਿ ਖਾਸ ਹਾਲਾਤਾਂ ਵਿੱਚ ਖਾਸ ਉਪਾਅ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੇ ਹਨ।

ਪਬਲਿਕ ਹੈਲਥ ਆਦੇਸ਼ਾਂ ਨੂੰ ਲਾਗੂ ਕਰਨ ਲਈ ਬਹੁਤ ਸਾਰੀਆਂ ਰੈਗੂਲੇਟਰੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੋਂ ਮਿਲ-ਜੁਲ ਕੇ ਕੰਮ ਕਰਨ ਵਾਲੀ ਇੱਕ ਪ੍ਰਣਾਲੀ ਦੀ ਲੋੜ ਸੀ ਕਿਉਂਕਿ ਰੋਜ਼ਾਨਾ ਦਿੱਤੇ ਗਏ ਪਬਲਿਕ ਹੈਲਥ ਲਾਗੂ ਕਰਨ ਵਾਲੇ ਸਰੋਤ ਮਹਾਂਮਾਰੀ ਦੇ ਦੌਰਾਨ ਇਸ ਕੰਮ ਨੂੰ ਪੂਰਾ ਕਰਨ ਲਈ ਕਦੇ ਵੀ ਕਾਫੀ ਨਹੀਂ ਹੋ ਸਕਦੇ ਹਨ। ਕੁੱਲ ਮਿਲਾ ਕੇ, ਇਹ ਕੋਸ਼ਿਸ਼ ਸਫਲ ਰਹੀ, ਪਰ ਇਹ ਇੱਕ ਐਸੀ ਪਹੁੰਚ ਹੈ ਜਿਸ ਨਾਲ ਭਵਿੱਖ ਵਿੱਚ ਸਰਕਾਰ ਨੂੰ ਸੂਬੇ ਭਰ ਵਿੱਚ ਐਮਰਜੈਂਸੀ ਦੀ ਸਥਿਤੀ ਸਮੇਂ ਇੱਕ ਤਾਲਮੇਲ ਲਾਗੂ ਕਰਨ ਵਾਲੇ ਢਾਂਚੇ ਨੂੰ ਮੁੜ ਕੇ ਸਰਗਰਮ ਕਰਨ ਲਈ ਤਿਆਰ ਰਹਿਣ ਦੀ ਲੋੜ ਹੈ।

ਸਭ ਤੋਂ ਸਫਲ ਸਹਿਯੋਗ ਦੁਆਰਾ ਲਾਗੂਕਰਨ ਦੇ ਯਤਨ, ਜਿਵੇਂ ਕਿ ਸਕੂਲਾਂ ਨੂੰ ਦੁਬਾਰਾ ਖੋਲ੍ਹਣਾ ਅਤੇ ਕਿਸੇ ਵੀ ਹੋਰ ਸੂਬੇ ਨਾਲੋਂ ਵੱਧ K-12 ਸਿੱਖਿਆ ਪ੍ਰਣਾਲੀ ਨੂੰ ਕਲਾਸ ਵਿੱਚ ਆ ਕੇ ਸਿੱਖਿਆ ਪ੍ਰਾਪਤ ਕਰਨ ਲਈ ਖੁੱਲ੍ਹਾ ਰੱਖਣਾ। ਇਹ ਇੱਕ ਮਜ਼ਬੂਤ ਸਾਂਝੇ ਉਦੇਸ਼ (ਅਰਥਾਤ, ਸਕੂਲਾਂ ਨੂੰ ਖੁੱਲ੍ਹਾ ਰੱਖਣਾ) ਅਤੇ ਆਪਸ ਵਿੱਚ ਸਹਿਯੋਗ ਕਰਕੇ ਸਫਲ ਹੋਇਆ, ਜਿਸ ਨੂੰ ਹਾਸਲ ਕਰਨਾ ਸਭ ਦਾ ਸਾਂਝਾ ਉਦੇਸ਼ ਸੀ। ਕਈ ਹੋਰ ਖੇਤਰਾਂ ਵਿੱਚ, ਜਾਂ ਤਾਂ ਉਦੇਸ਼ ਬਾਰੇ ਸਪਸ਼ਟਤਾ ਨਹੀਂ ਸੀ ਜਾਂ ਇਸ ਨੂੰ ਵਿਆਪਕ ਤੌਰ 'ਤੇ ਸਾਂਝਾ ਨਹੀਂ ਸੀ ਕੀਤਾ ਗਿਆ।

ਵੈਕਸੀਨ ਰੋਲਆਉਟ ਪ੍ਰਤੀਕਿਰਿਆ ਵਰਗੀਆਂ ਕਾਰਵਾਈਆਂ ਨੂੰ ਲਾਗੂ ਕਰਨ ਲਈ ਗੈਰ-ਸਰਕਾਰੀ ਸੰਸਥਾਵਾਂ ਨਾਲ ਵੀ ਕੁੱਝ ਸਹਿਯੋਗ ਸਨ, ਪਰ ਕੁੱਝ ਮਾਮਲਿਆਂ ਵਿੱਚ ਸਰਕਾਰ ਤੋਂ ਬਾਹਰ ਦੇ ਗਰੁੱਪ ਮਦਦ ਕਰਨ ਲਈ ਉਤਸੁਕ ਤਾਂ ਸਨ ਪਰ ਉਹਨਾਂ ਨੂੰ ਅਜਿਹਾ ਕਰਨ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਸੀ। ਉਸ ਦੇ ਨਾਲ-ਨਾਲ, ਸਰਕਾਰੀ ਸਰੋਤ ਘੱਟ ਪੈ ਗਏ ਸਨ , ਅਤੇ ਸਮਰੱਥਾ ਦਾ ਵੀ ਮੁੱਦਾ ਸੀ। ਤਿਆਰੀ ਕਰਨ ਨਾਲ ਸੂਬੇ ਭਰ ਵਿੱਚ ਐਮਰਜੈਂਸੀ ਦੇ ਦੌਰਾਨ ਇਹਨਾਂ ਸਰੋਤਾਂ ਦੀ ਵਰਤੋਂ ਵਿੱਚ ਪੈਣ ਵਾਲੀਆਂ ਰੁਕਾਵਟਾਂ ਨੂੰ ਘਟਾਉਣ ਦੇ ਤਰੀਕਿਆਂ 'ਤੇ ਵਿਚਾਰ ਕਰਨਾ ਚਾਹੀਦਾ ਹੈ।

### ਇੰਡੀਜਨਸ ਲੋਕਾਂ 'ਤੇ ਅਸਰ

ਬੀ.ਸੀ. ਦੇ ਇੰਡੀਜਨਸ ਲੋਕਾਂ ਦਾ ਵੱਖਰਾ ਇਤਿਹਾਸ, ਸੱਭਿਆਚਾਰ, ਹਾਲਾਤ, ਲੋੜਾਂ, ਅਤੇ ਪ੍ਰਭਾਵ ਉਹਨਾਂ 'ਤੇ ਮਹਾਂਮਾਰੀ ਦੇ ਅਸਰ ਦੀਆਂ ਵੱਖਰੀਆਂ ਉਲਝਨਾਂ ਨੇ ਉਹਨਾਂ ਦੀ ਕਹਾਣੀ ਨੂੰ ਇੱਕ ਵੱਖਰੇ ਹਿੱਸੇ ਵਿੱਚ ਪੂਰੀ ਤਰ੍ਹਾਂ ਪੇਸ਼ ਕਰਨ ਦੀ ਜ਼ਰੂਰਤ ਨੂੰ ਸਪੱਸ਼ਟ ਕੀਤਾ। ਫਰਸਟ ਨੇਸ਼ਨਜ਼ ਹੈਲਥ ਅਥਾਰਟੀ (FNHA) ਨੇ ਸੰਕੇਤ ਦਿੱਤਾ ਹੈ ਕਿ ਬੀ.ਸੀ. ਵਿੱਚ ਫਰਸਟ ਨੇਸ਼ਨਜ਼ ਦੇ ਲੋਕ ਉੱਚ ਦਰਾਂ 'ਤੇ ਕੋਵਿਡ-19 ਦੇ ਟੈਸਟ ਵਿੱਚ ਪੌਜ਼ਿਟਿਵ ਪਾਏ ਗਏ ਹਨ, ਉਹਨਾਂ ਦੀ ਘੱਟ ਉਮਰ ਵਿੱਚ ਹਸਪਤਾਲ ਵਿੱਚ ਦਾਖਲ ਹੋਣ ਦੀ ਦਰ ਵੱਧ ਹੈ, ਅਤੇ ਕੋਵਿਡ-19 ਨਾਲ ਮੌਤ ਦੀ ਦਰ ਵੀ ਵੱਧ ਹੈ[3]। ਬਹੁਤ ਸਾਰੇ ਕਾਰਨ ਹਨ ਜੋ ਇੰਡੀਜਨਸ ਭਾਈਚਾਰਿਆਂ ਨੂੰ ਕੋਵਿਡ-19 ਦੁਆਰਾ

ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਨੂੰ ਵਧਾਉਂਦੇ ਹਨ, ਜਿਸ ਦਾ ਕਾਰਨ ਉਹਨਾਂ 'ਤੇ ਪਿਛਲੇ 200 ਸਾਲਾਂ ਦੇ ਬਸਤੀਵਾਦ ਦੇ ਅਸਰ ਹੇਠ ਪੈਦਾ ਹੋਏ ਸਿਹਤ ਦੇ ਸਮਾਜਿਕ ਨਿਰਧਾਰਕਾਂ ਕਰਕੇ ਉਹਨਾਂ ਦੀ ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਕਰਕੇ ਹੈ।

ਸ਼ਮੂਲੀਅਤ ਲਈ ਸਾਡਾ ਉਦੇਸ਼ ਮਹਾਂਮਾਰੀ ਅਤੇ ਉਸ ਲਈ ਲੋੜੀਂਦੇ ਸਲਾਹ-ਮਸ਼ਵਰੇ ਦੀ ਅਗਵਾਈ ਦੁਆਰਾ ਉਹਨਾਂ 'ਤੇ ਪਾਏ ਗਏ ਦਬਾਅ ਦਾ ਸਨਮਾਨ ਕਰਦੇ ਹੋਏ ਇੰਡੀਜਨਸ ਲੋਕਾਂ, ਟਰੀਟੀ ਨੇਸ਼ਨਜ਼, ਫਰਸਟ ਨੇਸ਼ਨਜ਼, ਅਤੇ ਇੰਡੀਜਨਸ-ਸੰਚਾਲਿਤ ਸੰਸਥਾਵਾਂ ਨੂੰ ਆਪਣੇ ਤਜਰਬੇ ਸਾਂਝੇ ਕਰਨ ਦੇ ਮੌਕੇ ਪ੍ਰਦਾਨ ਕਰਨਾ ਸੀ। 600 ਤੋਂ ਵੱਧ ਵਿਅਕਤੀਆਂ, ਜਿਨ੍ਹਾਂ ਨੇ ਆਪਣੇ ਆਪ ਨੂੰ ਇੰਡੀਜਨਸ ਵਜੋਂ ਸਵੈ-ਪਛਾਣਤ ਕੀਤਾ, ਨੇ ਸਾਡੇ ਜਨਤਕ ਰਾਇ ਖੋਜ ਸਰਵੇ ਦਾ ਜਵਾਬ ਦਿੱਤਾ, ਵਿਆਪਕ ਟਿੱਪਣੀਆਂ ਪ੍ਰਦਾਨ ਕੀਤੀਆਂ, ਅਤੇ ਸਾਰੇ 204 ਫਰਸਟ ਨੇਸ਼ਨਜ਼ ਨੂੰ ਇੱਕ ਵੱਖਰੇ ਜਨਤਕ ਰਾਇ ਖੋਜ ਸਰਵੇ ਦੁਆਰਾ ਜਾਣਕਾਰੀ ਪ੍ਰਦਾਨ ਕਰਨ ਲਈ ਸੱਦਾ ਦਿੱਤਾ ਗਿਆ। ਅਸੀਂ FNHA ਦੇ ਸੀਨੀਅਰ ਸਟਾਫ ਨਾਲ ਕਈ ਮੀਟਿੰਗਾਂ ਵੀ ਕੀਤੀਆਂ ਅਤੇ ਕਈ ਫਰਸਟ ਨੇਸ਼ਨਜ਼ ਲੀਡਰਸ਼ਿਪ ਗਰੁੱਪਾਂ ਨਾਲ ਗੱਲ ਕੀਤੀ। ਅਸੀਂ ਕੁੱਝ ਟਰੀਟੀ ਨੇਸ਼ਨਜ਼ ਅਤੇ ਮੇਟੀ ਨੇਸ਼ਨ ਬ੍ਰਿਟਿਸ਼ ਕੋਲੰਬੀਆ ਦੇ ਨਾਲ ਸੈਸ਼ਨ ਆਯੋਜਿਤ ਕੀਤੇ ਅਤੇ ਵਿਚਾਰਸ਼ੀਲ ਲਿਖਤੀ ਬੇਨਤੀਆਂ ਪ੍ਰਾਪਤ ਕੀਤੀਆਂ। ਬੀ.ਸੀ. ਐਬੋਰਿਜਨਲ ਫ੍ਰੈਂਡਸ਼ਿਪ ਸੈਂਟਰਾਂ ਦੀ ਐਸੋਸੀਏਸ਼ਨ ਨੇ ਬੀ.ਸੀ. ਦੀ ਸ਼ਹਿਰੀ ਇੰਡੀਜਨਸ ਆਬਾਦੀ ਦੁਆਰਾ ਮਹਿਸੂਸ ਕੀਤੇ ਪ੍ਰਭਾਵਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ।

ਮਹਾਂਮਾਰੀ ਦੇ ਪ੍ਰਤੀਕਰਮ ਨੇ ਫੈਡਰਲ, ਸੂਬਾਈ ਅਤੇ ਫਰਸਟ ਨੇਸ਼ਨਜ਼ ਅਧਿਕਾਰ ਖੇਤਰਾਂ ਦੇ ਗੁੰਝਲਦਾਰ ਜਾਲੇ ਵੱਲ ਧਿਆਨ ਦਵਾਇਆ, ਜਿਸ ਨੇ ਵਿੱਥ, ਓਵਰਲੈਪ, ਫਰਕ ਅਤੇ ਅਸਮਾਨਤਾਵਾਂ ਪੈਦਾ ਕੀਤੀਆਂ ਹਨ। ਖਾਸ ਤੌਰ 'ਤੇ, ਸ਼ਹਿਰੀ ਇੰਡੀਜਨਸ ਆਬਾਦੀ ਨੂੰ ਘੱਟ ਵਧੀਆ ਤਰੀਕੇ ਨਾਲ ਸੇਵਾਵਾਂ ਮਿਲੀਆਂ ਸਨ। ਮਹਾਂਮਾਰੀ ਦੌਰਾਨ FNHA ਨੇ ਸਰਕਾਰਾਂ ਵਿਚਕਾਰ ਤਾਲਮੇਲ ਦੀ ਮੁੱਖ ਭੂਮਿਕਾ ਨਿਭਾਈ, ਅਤੇ ਐਮਰਜੈਂਸੀ ਮੈਨੇਜਮੈਂਟ ਬੀ ਸੀ ਵੀ ਫਰਸਟ ਨੇਸ਼ਨਜ਼ ਨਾਲ ਮਹਾਂਮਾਰੀ ਪ੍ਰਤੀਕਿਰਿਆ ਦਾ ਤਾਲਮੇਲ ਕਰਨ ਵਿੱਚ ਸ਼ਾਮਲ ਸੀ।

ਸਾਡੇ ਤਿੰਨ ਨਤੀਜਿਆਂ ਅਨੁਸਾਰ 2019 ਵਿੱਚ ਲਾਗੂ ਕੀਤਾ ਗਿਆ ਇੰਡੀਜਨਸ ਲੋਕਾਂ ਦੇ ਅਧਿਕਾਰਾਂ ਬਾਰੇ ਘੋਸ਼ਣਾ ਪੱਤਰ (*Declaration on the Rights of Indigenous Peoples Act*) (DRIPA), ਐਮਰਜੈਂਸੀ ਪ੍ਰਬੰਧਨ ਸਮੇਤ ਸਾਰੇ ਖੇਤਰਾਂ ਵਿੱਚ ਸਰਕਾਰ ਦੇ ਆਪਸੀ ਸਬੰਧਾਂ ਲਈ ਇੱਕ ਢਾਂਚਾ ਸਥਾਪਤ ਕਰਦਾ ਹੈ। ਹਾਲਾਂਕਿ ਸਰਕਾਰ DRIPA ਦੇ ਸਿਧਾਂਤਾਂ ਪ੍ਰਤੀ ਵਚਨਬੱਧ ਹੈ ਅਤੇ ਉਸ ਨੇ ਮਹਾਂਮਾਰੀ ਦੇ ਦੌਰਾਨ ਐਕਟ ਦੇ ਲਾਗੂਕਰਨ ਵਿੱਚ ਸ਼ੁਰੂਆਤੀ ਕਦਮ ਚੁੱਕੇ ਗਏ, ਪਰ ਫੇਰ ਵੀ ਉਹ ਮਹਾਂਮਾਰੀ ਦੀ ਏਨੀ ਤੇਜ਼ੀ ਨਾਲ ਸ਼ੁਰੂਆਤ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਸੀ ਅਤੇ ਸ਼ੁਰੂਆਤ ਵਿੱਚ ਇਸ ਬਾਰੇ ਅਨਿਸ਼ਚਿਤ ਸੀ ਕਿ ਐਮਰਜੈਂਸੀ ਉਪਾਵਾਂ 'ਤੇ ਸਾਂਝੇ ਤੌਰ 'ਤੇ ਕਿਵੇਂ ਸਹਿਯੋਗ ਕਰਨਾ ਹੈ। ਨਤੀਜੇ ਵਜੋਂ, ਸਾਡਾ ਪਹਿਲਾ ਨਤੀਜਾ ਐਮਰਜੈਂਸੀ ਤਿਆਰੀ ਵਿੱਚ ਅਗਾਂਹ ਹੋਰ ਇੰਡੀਜਨਸ ਭੂਮਿਕਾ ਦੇ ਸਹਿ-ਵਿਕਾਸ ਦੀ ਮੰਗ ਕਰਦਾ ਹੈ।

ਅਸੀਂ ਸੁਣਿਆ ਕਿ ਅਧਿਕਾਰ ਖੇਤਰ ਦੇ ਮੁੱਦੇ ਕਿੰਨੀ ਜਲਦੀ ਪੈਦਾ ਹੋਏ ਕਿਉਂਕਿ ਟਰੀਟੀ ਨੇਸ਼ਨਜ਼ ਅਤੇ ਫਰਸਟ ਨੇਸ਼ਨਜ਼ ਨੇ ਭਾਈਚਾਰਿਆਂ ਅਤੇ ਟ੍ਰੇਡੀਸ਼ਨਲ ਟੈਰਿਟੋਰੀਜ਼ ਨੂੰ ਅਲਿਹਦਗੀ ਪ੍ਰਦਾਨ ਕਰਕੇ ਆਪਣੇ ਮੈਂਬਰਾਂ ਨੂੰ ਸੁਰੱਖਿਅਤ ਕਰਨ ਦੀ ਕੋਸ਼ਿਸ਼ ਕੀਤੀ, ਅਤੇ ਇਹ ਵੀ ਕਿ ਨੇਸ਼ਨਜ਼ ਨੇ ਆਪਣੇ ਮੈਂਬਰਾਂ ਬਾਰੇ ਸਿਹਤ ਜਾਣਕਾਰੀ ਪ੍ਰਾਪਤ ਕਰਨ ਵਿੱਚ ਮਦਦ ਦੀ ਇੱਛਾ ਜ਼ਾਹਿਰ ਕੀਤੀ ਤਾਂਕਿ ਉਹ ਮਹਾਂਮਾਰੀ ਨਾਲ ਨਜਿੱਠਣ ਲਈ ਆਪਣਾ ਪ੍ਰਬੰਧਨ ਆਪ ਕਰ ਸਕਣ। ਇਸ ਤਰ੍ਹਾਂ, ਸਾਡਾ ਦੂਜਾ ਨਤੀਜਾ DRIPA ਨਾਲ ਵਚਨਬੱਧਤਾਵਾਂ ਦੇ ਨਾਲ ਇਕਸਾਰ ਸਾਂਝੀ ਯੋਜਨਾ ਦੇ ਨਿਰੰਤਰ ਸਹਿ-ਵਿਕਾਸ ਦੀ ਮੰਗ ਕਰਦਾ ਹੈ।

ਸਾਡਾ ਤੀਜਾ ਨਤੀਜਾ ਓਵਰਲੈਪਾਂ ਅਤੇ ਫਰਕਾਂ ਬਾਰੇ ਦੱਸਦਾ ਹੈ। ਇਹ ਸੂਬਾਈ ਅਤੇ ਫੈਡਰਲ ਸਰਕਾਰਾਂ ਅਤੇ ਬੀ.ਸੀ. ਦੇ ਫਰਸਟ ਨੇਸ਼ਨਜ਼ ਵਿਚਕਾਰ ਬਿਹਤਰ ਤਾਲਮੇਲ ਦੀ ਲੋੜ ਨੂੰ ਪਛਾਣਦਾ ਹੈ। ਵਿਸ਼ੇਸ਼ ਤੌਰ 'ਤੇ, ਸਾਰੇ ਇੰਡੀਜਨਸ ਲੋਕਾਂ ਅਤੇ ਖਾਸ ਤੌਰ 'ਤੇ, ਸ਼ਹਿਰੀ ਵਾਤਾਵਰਣਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਵਧੇਰੇ ਸਪੱਸ਼ਟਤਾ, ਇਕਸਾਰਤਾ, ਵਿਆਪਕਤਾ ਅਤੇ ਨਿਸ਼ਚਤਤਾ ਪ੍ਰਦਾਨ ਕਰਨ ਲਈ ਪ੍ਰੋਟੋਕੋਲ ਅਤੇ ਸਮਝੌਤਿਆਂ ਨੂੰ ਸਹਿ-ਵਿਕਸਤ ਕਰਨ ਦੀ ਲੋੜ ਹੈ।

[3]https://www.fnha.ca/Documents/FNHA-COVID-19-Statement.pdf

[4]https://news.ubc.ca/2022/04/05/pandemic-shows-how-social-factors-impact-health-

ofhttps://news.ubc.ca/2022/04/05/pandemic-shows-how-social-factors-impact-health-of-indigenouspeoples/#:~:text=Many%20factors%20make%20Indigenous%20communities,living%20in%20multi%2Dgenerationa l%20homes

## ਸਿੱਟਾ

ਹਾਲਾਂਕਿ ਬਹੁਤ ਸਾਰੇ ਇਹੋ ਜਿਹੇ ਤਰੀਕੇ ਹਨ ਜਿਨ੍ਹਾਂ ਨਾਲ ਸਰਕਾਰ ਭਵਿੱਖ ਵਿੱਚ ਸੂਬੇ ਭਰ ਵਿੱਚ ਆਉਣ ਵਾਲੀਆਂ ਐਮਰਜੈਂਸੀਆਂ ਪ੍ਰਤੀ ਆਪਣੀ ਪ੍ਰਤੀਕਿਰਿਆ ਲਈ ਆਪਣੀ ਯੋਗਤਾ ਵਿੱਚ ਸੁਧਾਰ ਲਿਆ ਸਕਦੀ ਹੈ, ਜਿਵੇਂ ਕਿ ਸਾਡੇ 26 ਨਤੀਜਿਆਂ ਵਿੱਚ ਦੱਸਿਆ ਗਿਆ ਹੈ, ਮਹਾਂਮਾਰੀ ਨਾਲ ਨਜਿੱਠਣ ਲਈ ਬੀ.ਸੀ. ਦੀ ਪ੍ਰਤੀਕਿਰਿਆ ਮਜ਼ਬੂਤ ਅਤੇ ਅਸਰਦਾਰ ਸੀ। ਇਹ ਆਉਣ ਵਾਲੇ ਅਗਲੇ ਸੰਕਟ ਲਈ ਸਹੀ ਢੰਗ ਨਾਲ ਪੇਸ਼ ਆਉਣ ਦੀ ਬੀ.ਸੀ. ਦੀ ਯੋਗਤਾ ਬਾਰੇ ਸੰਕੇਤ ਦਿੰਦਾ ਹੈ। ਸਰਕਾਰ ਅਤੇ ਸਮਾਜ ਮਿਲਕੇ ਉਹ ਕੰਮ ਕਰਨ ਲਈ ਇਕੱਠੇ ਹੋਏ, ਜੋ ਕਰਨ ਦੀ ਲੋੜ ਸੀ। ਸਰਕਾਰ ਫੁਰਤੀਲੀ ਅਤੇ ਮੁੜ ਉੱਭਰਨ ਦੀ ਸ਼ਕਤੀ ਰੱਖਣ ਵਾਲੀ ਸੀ।